# Punjab Government Gazette

## EXTRAORDINARY

*Published by Authority*

CHANDIGARH, FRIDAY, MAY 8, 2026
(VAISAKHA 18, 1948 SAKA)

ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| ਭਾਗ I | ਐਕਟ | |
| | 1. ਪੰਜਾਬ ਬਾਗਬਾਨੀ ਨਰਸਰੀਆਂ ਐਕਟ, 1961 (1961 ਦਾ ਪੰਜਾਬ ਐਕਟ ਨੰ. 13) | ...553-566 |
| | 2. ਪੰਜਾਬ ਨਾਟਕੀ ਪ੍ਰਦਰਸ਼ਨ ਐਕਟ, 1964 (1964 ਦਾ ਪੰਜਾਬ ਐਕਟ ਨੰ. 10) | ...567-574 |
| ਭਾਗ II | ਆਰਡੀਨੈਂਸ | |
| | *ਕੋਈ ਨਹੀਂ* | |
| ਭਾਗ III | ਅਧੀਨ ਵਿਧਾਨਕਾਰੀ | |
| | *ਕੋਈ ਨਹੀਂ* | |
| ਭਾਗ IV | ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ | |
| | *ਕੋਈ ਨਹੀਂ* | |

———

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 8 ਮਈ, 2026

**ਨੰ: 38/ਭ.ਕ./2026.-** ਪੰਜਾਬ ਬਾਗਬਾਨੀ ਨਰਸਰੀਆਂ ਐਕਟ, 1961 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 8th May, 2026

**No. 38/L.C./2026.-** The Translation in Punjabi of the Punjab Horticulture Nurseries Act, 1961 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਬਾਗਬਾਨੀ ਨਰਸਰੀਆਂ ਐਕਟ, 1961

(1961 ਦਾ ਪੰਜਾਬ ਐਕਟ ਨੰ: 13)

ਪੰਜਾਬ ਰਾਜ ਵਿੱਚ ਬਾਗਬਾਨੀ ਨਰਸਰੀਆਂ ਦੇ ਵਿਨਿਯਮਨ ਅਤੇ ਲਸੰਸ ਦੇਣ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਬਾਰ੍ਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਬਾਗਬਾਨੀ ਨਰਸਰੀਆਂ ਐਕਟ, 1961 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ ਤੇ ਹੈ।

(3) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਜਿਵੇਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਨਿਯਤ ਕਰੇ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,-

(ੳ) "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਇੱਕ ਵਿਅਕਤੀ ਜਾਂ ਅਥਾਰਟੀ ਜਿਸ ਨੂੰ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਅਧੀਨ ਅਜਿਹੇ ਖੇਤਰ ਲਈ ਸ਼ਕਤਵਾਨ ਅਥਾਰਟੀ ਦੇ ਕਾਜਕਾਰ ਨਿਭਾਉਣ ਲਈ ਨਿਯੁਕਤ ਕੀਤਾ ਗਿਆ ਹੋਵੇ ਜਿਵੇਂ ਅਧਿਸੂਚਨਾ ਵਿੱਚ ਉਲਿਖਤ ਕੀਤਾ ਜਾਵੇ;

(ਅ) "ਬਰਾਮਦ" ਦਾ ਮਤਲਬ ਹੈ ਜ਼ਮੀਨੀ, ਸਮੁੰਦਰੀ ਜਾਂ ਹਵਾਈ ਰਸਤੇ ਦੁਆਰਾ ਪੌਦੇ ਪਦਾਰਥ ਨੂੰ ਰਾਜ ਜਾਂ ਭਾਰਤ ਤੋਂ ਬਾਹਰ ਲਿਜਾਣਾ;

(ੲ) "ਬਾਗਬਾਨੀ ਫ਼ਸਲਾਂ" ਦਾ ਮਤਲਬ ਹੈ ਉਹ ਫ਼ਸਲਾਂ (ਜਿਵੇਂ ਨਿਯਮਾਂ ਵਿੱਚ ਉਪਬੰਧਤ ਕੀਤੀ ਗਈ ਸੂਚੀ ਵਿੱਚ ਉਲਿਖਤ ਕੀਤੀਆਂ ਗਈਆਂ ਹੋਣ) ਜਿਹੜੀਆਂ ਨਿਯਮਤ ਕਾਰੋਬਾਰ ਦੇ ਅਨੁਕ੍ਰਮ ਵਿੱਚ ਪ੍ਰਤਿਰੋਪਣ ਲਈ ਬਨਸਪਤ ਰੂਪ ਵਿੱਚ ਪਸਾਰੀਆਂ ਅਤੇ ਵੇਚੀਆਂ ਜਾਂਦੀਆਂ ਹਨ;

(ੲੳ) "ਬਾਗਬਾਨੀ ਨਰਸਰੀ" ਦਾ ਮਤਲਬ ਹੈ ਕੋਈ ਥਾਂ ਜਿੱਥੇ ਨਿਯਮਤ ਕਾਰੋਬਾਰ ਦੇ ਅਨੁਕ੍ਰਮ ਵਿੱਚ ਬਾਗਬਾਨੀ ਦੀਆਂ ਫ਼ਸਲਾਂ ਪ੍ਰਤਿਰੋਪਣ ਲਈ ਬਨਸਪਤ ਰੂਪ ਵਿੱਚ ਪਸਾਰੀਆਂ ਅਤੇ ਵੇਚੀਆਂ ਜਾਂਦੀਆਂ ਹਨ। ਕੋਈ ਵਿਅਕਤੀ ਜੋ ਭੋਂ ਦਾ ਮਾਲਕ ਨਹੀਂ ਹੈ, ਬਾਗਬਾਨੀ ਨਰਸਰੀ ਸਥਾਪਤ ਕਰ ਸਕੇਗਾ, ਜੇ ਉਹ ਘੱਟ ਤੋਂ ਘੱਟ ਦਸ ਸਾਲਾਂ ਲਈ ਪਟੇ ਤੇ ਭੋਂ ਲੈਂਦਾ ਹੈ;

(ੲਅ) "ਬਾਗਬਾਨੀ ਪੌਦੇ" ਦਾ ਮਤਲਬ ਹੈ ਨਿਯਮਾਂ ਵਿੱਚ ਉਪਬੰਧਤ ਕੀਤੀ ਗਈ ਸੂਚੀ ਅਨੁਸਾਰ ਕਿਸੇ ਵੀ ਸ੍ਰੇਣੀਆਂ ਨਾਲ ਸਬੰਧਤ ਪੌਦਾ ਅਤੇ ਜਿਵੇਂ ਸਰਕਾਰ ਅਧਿਸੂਚਨਾ ਦੁਆਰਾ, ਅਜਿਹਾ ਪੌਦਾ ਘੋਸ਼ਿਤ ਕਰ ਸਕਦੀ ਹੈ;

(ੲੲ) "ਦਰਾਮਦ" ਦਾ ਮਤਲਬ ਹੈ ਹੋਰ ਪਸਾਰ ਲਈ ਰਾਜ ਦੇ ਬਾਹਰੋਂ ਜਾਂ ਹੋਰ ਦੇਸ਼ਾਂ ਤੋਂ ਪੌਦੇ ਪਦਾਰਥ ਲਿਆਉਣਾ;

(ੲਸ) "ਨਿਰੀਖਣ ਅਧਿਕਾਰੀ" ਦਾ ਮਤਲਬ ਹੈ ਕੋਈ ਅਧਿਕਾਰੀ ਜੋ ਬਾਗਬਾਨੀ ਵਿਕਾਸ ਅਧਿਕਾਰੀ ਦੇ ਅਹੁਦੇ ਤੋਂ ਥੱਲੇ ਨ ਹੋਵੇ;

(ੲਹ) "ਕਿਸਮ" ਦਾ ਮਤਲਬ ਹੈ ਫ਼ਸਲੀ ਪੌਦਿਆਂ ਦੀਆਂ ਇੱਕ ਜਾਂ ਇੱਕ ਤੋਂ ਵਧੇਰੇ ਸਬੰਧਤ ਪ੍ਰਜਾਤੀਆਂ ਜਾਂ ਉਪ-ਪ੍ਰਜਾਤੀਆਂ ਜਿਨ੍ਹਾਂ ਨੂੰ ਵਿਅਕਤੀਗਤ ਤੌਰ ਤੇ ਜਾਂ ਸਮੂਹਕ ਤੌਰ ਤੇ ਸਾਂਝੇ ਨਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਿ ਅੰਬ, ਟਮਾਟਰ, ਆਦਿ;

(ੲਕ) "ਅਧਿਸੂਚਨਾ" ਦਾ ਮਤਲਬ ਹੈ ਪੰਜਾਬ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਅਧਿਸੂਚਨਾ ਅਤੇ ਸ਼ਬਦ "ਅਧਿਸੂਚਿਤ" ਦਾ ਇਸੇ ਅਨੁਸਾਰ ਹੀ ਅਰਥ ਕੱਢਿਆ ਜਾਵੇਗਾ;

(ੲਖ) "ਨਰਸਰੀ ਵਿਅਕਤੀ" ਦਾ ਮਤਲਬ ਹੈ ਬਾਗਬਾਨੀ ਪੌਦਿਆਂ ਦੇ ਉਤਪਾਦਨ ਜਾਂ ਵਿਕਰੀ ਵਿੱਚ ਲੱਗਿਆ ਹੋਇਆ ਇੱਕ ਵਿਅਕਤੀ;

(ਸ) ਫ਼ਲ ਨਰਸਰੀ ਦੇ ਸਬੰਧ ਵਿੱਚ "ਮਾਲਕ" ਦਾ ਮਤਲਬ ਹੈ ਉਹ ਵਿਅਕਤੀ ਜਿਸ ਦਾ, ਜਾਂ ਉਹ ਅਥਾਰਟੀ ਜਿਸ ਦਾ ਅਜਿਹੀ ਫ਼ਲ ਨਰਸਰੀ ਦੇ ਮਾਮਲਿਆਂ ਤੇ ਅੰਤਿਮ ਕੰਟਰੋਲ ਹੋਵੇ, ਅਤੇ ਜਿੱਥੇ ਉਕਤ ਮਾਮਲੇ ਕਿਸੇ ਮੈਨੇਜਰ, ਪ੍ਰਬੰਧ ਡਾਇਰੈਕਟਰ ਜਾਂ ਪ੍ਰਬੰਧ ਏਜੰਟ ਨੂੰ ਸੌਂਪੇ

ਜਾਂਦੇ ਹਨ, ਅਜਿਹੇ ਮੈਨੇਜਰ, ਪ੍ਰਬੰਧ ਡਾਇਰੈਕਟਰ ਜਾਂ ਪ੍ਰਬੰਧ ਏਜੰਟ ਨੂੰ ਮਾਲਕ ਸਮਝਿਆ ਜਾਵੇਗਾ;

(ਸੳ) "ਪੌਦੇ ਪਦਾਰਥ" ਦਾ ਮਤਲਬ ਹੈ ਪੌਦਿਆਂ ਨੂੰ ਉਗਾਉਣ ਵਿੱਚ ਵਰਤਿਆ ਜਾਂਦਾ ਕੋਈ ਪਸਾਰ ਪਦਾਰਥ ਅਤੇ ਇਸ ਵਿੱਚ ਡੋਡੀ ਤਣਾ, ਕਲਮ, ਜੜ੍ਹ-ਸਟਾਕ, ਬਨਸਪਤ ਰੂਪ ਵਿੱਚ ਪਸਾਰਤ (ਕਟਾਈ, ਸ਼ਾਖਾਵਾਂ ਦਾ ਫੁੱਟਣਾ, ਜੜ੍ਹਾਂ ਦਾ ਫੁੱਟਣਾ ਆਦਿ) ਸ਼ਾਮਲ ਹੈ;

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਕ) "ਜੜ੍ਹ ਸਟਾਕ" ਦਾ ਮਤਲਬ ਹੈ ਬਾਗਬਾਨੀ ਪੌਦੇ ਜਾਂ ਉਨ੍ਹਾਂ ਦਾ ਹਿੱਸਾ ਜਾਂ ਜਿਹੜੇ ਟਿਸ਼ੂ ਕਲਚਰ ਆਧਾਰਤ ਪੌਦੇ (ਉਦਾਹਰਣ ਦੇ ਤੌਰ ਤੇ ਪਪੀਤਾ, ਸਟ੍ਰਾਬੇਰੀ ਅਤੇ ਕੇਲਾ) ਜਿਨ੍ਹਾਂ ਤੇ ਕਿਸੇ ਬਾਗਬਾਨੀ ਪੌਦੇ ਦੀ ਪਿਉਂਦ ਲਗਾਈ ਹੋਵੇ ਜਾਂ ਉਸ ਦੀ ਡੋਡੀ ਲਗਾਈ ਹੋਵੇ;

(ਕੳ) "ਵਿਕਰੀ" ਦਾ ਮਤਲਬ ਹੈ ਨਕਦੀ ਜਾਂ ਹੋਰ ਮੁੱਲਵਾਨ ਬਦਲ ਲਈ ਰਾਜ ਅੰਦਰ ਜਾਂ ਰਾਜ ਤੋਂ ਬਾਹਰ ਕੀਤੀ ਪੌਦੇ ਦੀ ਵਿਕਰੀ; ਅਤੇ

(ਖ) "ਕਲਮ" ਦਾ ਮਤਲਬ ਹੈ ਬਾਗਬਾਨੀ ਪੌਦਾ ਜਿਸ ਨੂੰ ਜੜ੍ਹ-ਸਟਾਕ ਉੱਤੇ ਪਿਓਂਦ ਕੀਤਾ ਗਿਆ ਹੋਵੇ ਜਾਂ ਡੋਡੀਆਂ ਲਗਾਈਆਂ ਹੋਣ।

ਮਾਲਕ ਦਾ ਲਸੰਸ ਪ੍ਰਾਪਤ ਕਰਨਾ।

3. ਕੋਈ ਵੀ ਮਾਲਕ ਧਾਰਾ 1 ਦੀ ਉਪ-ਧਾਰਾ (3) ਅਧੀਨ ਨਿਯਤ ਤਰੀਕ ਤੋਂ ਛੇ ਮਹੀਨਿਆਂ ਦੇ ਗੁਜ਼ਰਨ ਪਿੱਛੋਂ, ਬਾਗਬਾਨੀ ਨਰਸਰੀ ਦਾ ਸੰਚਾਲਨ ਜਾਂ ਸਥਾਪਨਾ ਨਹੀਂ ਕਰੇਗਾ ਜਦੋਂ ਤੱਕ ਉਸ ਨੇ ਇਸ ਐਕਟ ਅਧੀਨ ਲਸੰਸ ਪ੍ਰਾਪਤ ਨ ਕੀਤਾ ਹੋਵੇ:

ਪਰੰਤੂ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨ ਲਈ, ਸਰਕਾਰ ਦੇ ਗਜ਼ਟਿਡ ਅਧਿਕਾਰੀ ਹੋਣ ਦੇ ਨਾਤੇ, ਅਜਿਹੇ ਵਿਅਕਤੀਆਂ ਨੂੰ ਸ਼ਕਤਵਾਨ ਅਧਿਕਾਰੀ ਨਿਯੁਕਤ ਕਰ ਸਕਦੀ ਹੈ, ਜਿਵੇਂ ਉਹ ਠੀਕ ਸਮਝੇ ਅਤੇ ਸੀਮਾਵਾਂ ਨੂੰ ਉਲਿਖਤ ਕਰੇਗੀ ਜਿਸ ਅੰਦਰ ਸ਼ਕਤਵਾਨ ਅਧਿਕਾਰੀ ਇਸ ਐਕਟ ਦੁਆਰਾ ਜਾਂ ਇਸ ਅਧੀਨ ਅਜਿਹੀ ਅਥਾਰਟੀ ਨੂੰ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਰੋਪੇ ਗਏ ਕਾਜਕਾਰਾਂ ਨੂੰ ਨਿਭਾਏਗਾ। ਇਸ ਐਕਟ ਅਤੇ ਇਸ ਹੇਠਾਂ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਤਾਬੇ, ਸ਼ਕਤਵਾਨ ਅਥਾਰਟੀ ਜਾਂ ਅਧਿਕਾਰੀ ਲਸੰਸ ਪ੍ਰਾਪਤ ਮਾਲਕਾਂ ਨੂੰ ਮੂਲ ਢਾਂਚਾਗਤ ਸਹੂਲਤਾਂ ਸਿਰਜਣ ਲਈ ਲੋੜੀਂਦੀਆਂ ਜਿਵੇਂ ਕਿ ਲੋੜੀਂਦੀ ਕਿਸਮ ਦੇ ਮਦਰ ਬਲਾਕ, ਜੜ੍ਹ ਸਟਾਕ, ਗਰੀਨ ਹਾਊਸ, ਪੌਲੀ ਹਾਊਸ, ਨੈੱਟ ਹਾਊਸ, ਬਾਗਬਾਨੀ ਪੌਦਿਆਂ ਦੇ ਉਚਿਤ ਪਸਾਰ ਕਰਨ ਲਈ ਮੀਡੀਆ ਦੇ ਧੁੱਪਵਿਗਾੜ ਦੀ ਵਿਵਸਥਾ ਅਤੇ ਉਨ੍ਹਾਂ ਦੀ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਅਜਿਹੀਆਂ ਹਦਾਇਤਾਂ ਜਾਰੀ ਕਰ ਸਕਦਾ ਹੈ, ਜਿਵੇਂ ਜ਼ਰੂਰੀ ਹੋਣ।

ਵਿਆਖਿਆ.- ਜਿੱਥੇ ਕਿਸੇ ਮਾਲਕ ਕੋਲ ਵੱਖ-ਵੱਖ ਕਸਬਿਆਂ ਅਤੇ ਪਿੰਡਾਂ ਵਿੱਚ ਇੱਕ ਤੋਂ ਵੱਧ ਬਾਗਬਾਨੀ ਨਰਸਰੀ ਹੈ, ਉਹ ਅਜਿਹੀ ਹਰੇਕ ਬਾਗਬਾਨੀ ਨਰਸਰੀ ਦੇ ਬਾਰੇ ਵਿੱਚ ਵੱਖਰਾ ਲਸੰਸ ਪ੍ਰਾਪਤ ਕਰੇਗਾ।

ਲਸੰਸ ਲਈ ਦਰਖ਼ਾਸਤ ਅਤੇ ਮਨਜ਼ੂਰ ਅਤੇ ਇਨਕਾਰ।

4. (1) ਧਾਰਾ 3 ਅਧੀਨ ਲਸੰਸ ਲਈ ਹਰੇਕ ਦਰਖ਼ਾਸਤ ਸ਼ਕਤਵਾਨ ਅਥਾਰਟੀ ਨੂੰ ਦਿੱਤੀ ਜਾਵੇਗੀ ਅਤੇ ਮੁਕੱਰਰ ਰੂਪ ਵਿੱਚ ਹੋਵੇਗੀ।

(1ੳ) ਲਸੰਸਧਾਰੀ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ, ਜੇ ਉਸ ਦਾ ਕੋਈ ਨਾਮਜ਼ਦ ਹੈ, ਤਦ ਲਸੰਸਧਾਰੀ ਦੀ ਮੌਤ ਹੋਣ ਦੀ ਤਰੀਕ ਤੋਂ ਛੇ ਮਹੀਨਿਆਂ ਦੀ ਮੁੱਦਤ ਅੰਦਰ ਲਸੰਸ ਉਸ ਦੇ ਨਾਮ ਬਦਲੀ ਹੋ ਸਕੇਗਾ, ਨਹੀਂ ਤਾਂ ਲਸੰਸ ਦੀ ਮਿਆਦ ਗੁਜ਼ਰ ਚੁੱਕੀ ਸਮਝੀ ਜਾਵੇਗੀ:

ਪਰੰਤੂ ਜੇ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਜਾਂ ਰਾਜ ਜਾਂ ਕੇਂਦਰੀ ਸਰਕਾਰ ਦੀਆਂ ਨਿਗਮਤ ਬੌਡੀਆਂ ਦੀ ਮਾਲਕੀ ਵਿੱਚ ਨਰਸਰੀਆਂ ਨੂੰ ਰਜਿਸਟਰੀਕਰਨ ਫ਼ੀਸ ਜਾਂ ਨਵਿਆਉਣ ਫ਼ੀਸ ਦੀ ਅਦਾਇਗੀ ਤੋਂ ਛੋਟ ਦਿੱਤੀ ਜਾਂਦੀ ਹੈ, ਤਦ ਉਹ ਇਸ ਐਕਟ ਅਧੀਨ ਰਜਿਸਟਰੀਕਰਨ ਪ੍ਰਾਪਤ ਕਰਨਗੀਆਂ। ਬਾਗਬਾਨੀ ਪੌਦੇ ਉਗਾਉਣ ਵਾਲੀਆਂ ਸਾਰੀਆਂ ਨਰਸਰੀਆਂ ਉਨ੍ਹਾਂ ਦੇ ਪੂਰੇ ਜੀਵਨ ਕਾਲ ਵਿੱਚ ਇੱਕ ਵਾਰ ਜ਼ਰੂਰ ਰਜਿਸਟਰ ਹੋਣੀਆਂ ਚਾਹੀਦੀਆਂ ਹਨ, ਪਰ ਨਰਸਰੀ ਦਾ ਲਸੰਸ ਹਰ ਤਿੰਨ ਸਾਲਾਂ ਪਿੱਛੋਂ ਨਵਿਆਇਆ ਜਾਵੇਗਾ। ਹਾਲਾਂਕਿ, ਲਸੰਸ ਕੇਵਲ ਉਨ੍ਹਾਂ ਪੌਦਿਆਂ ਲਈ ਜਾਰੀ ਹੋਵੇਗਾ ਜਿਨ੍ਹਾਂ ਦਾ ਜ਼ਿਕਰ ਨਿਯਮਾਂ ਵਿੱਚ ਨੱਥੀ ਸੂਚੀ ਵਿੱਚ ਕੀਤਾ ਗਿਆ ਹੈ।

(2) ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਤਾਬੇ, ਜਿਵੇਂ ਮੁਕੱਰਰ ਕੀਤੀਆਂ ਜਾਣ, ਜੇ ਸ਼ਕਤਵਾਨ ਅਥਾਰਟੀ ਦੀ ਤਸੱਲੀ ਹੋ ਜਾਂਦੀ ਹੈ ਕਿ-

(ੳ) ਬਾਗਬਾਨੀ ਨਰਸਰੀ ਉਸ ਬਾਗਬਾਨੀ ਪੌਦੇ ਜਾਂ ਬਾਗਬਾਨੀ ਪੌਦਿਆਂ ਦੇ ਬਾਰੇ ਉਚਿਤ ਪਸਾਰ ਲਈ ਢੁੱਕਵੀਂ ਹੈ ਜਿਸ ਦੇ ਬਾਰੇ ਲਸੰਸ ਲਈ ਦਰਖ਼ਾਸਤ ਦਿੱਤੀ ਗਈ ਹੈ;

(ੳੳ) ਮਿੱਟੀ ਕਿਸੇ ਪ੍ਰਮਾਣਿਕ ਪ੍ਰਯੋਗਸ਼ਾਲਾ ਜਿਸ ਦਾ ਮਤਲਬ ਹੈ ਪੌਦੇ ਰੋਗ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਨਿਦਾਨਕਾਰੀ ਪ੍ਰਯੋਗਸ਼ਾਲਾ ਜਾਂ ਸ਼ਕਤਵਾਨ ਅਥਾਰਟੀ ਦੁਆਰਾ ਪ੍ਰਮਾਣਿਕ ਕਿਸੇ ਹੋਰ ਪ੍ਰਯੋਗਸ਼ਾਲਾ ਦੁਆਰਾ ਮਿੱਟੀ ਤੋਂ ਉਪਜੇ ਰੋਗਾਣੂਆਂ ਤੋਂ ਮੁਕਤ ਪਰਖੀ ਗਈ ਹੋਣੀ ਚਾਹੀਦੀ ਹੈ;

(ਅ) ਦਰਖ਼ਾਸਤਕਾਰ ਅਜਿਹੀ ਬਾਗਬਾਨੀ ਨਰਸਰੀ ਦਾ ਸੰਚਾਲਨ ਜਾਂ ਸਥਾਪਤ ਕਰਨ ਦੇ ਸਮਰੱਥ ਹੈ;

(ਅੳ) ਮਾਲਕ ਜਾਂ ਉਸ ਦੇ ਨਿਯਮਤ ਕਰਮਚਾਰੀ ਨੂੰ ਬਿਮਾਰੀ ਰਹਿਤ ਬਾਗਬਾਨੀ ਪੌਦਿਆਂ ਦੇ ਉਤਪਾਦਨ ਲਈ ਨਰਸਰੀ ਉਤਪਾਦਨ/ਪ੍ਰਬੰਧ ਵਿੱਚ ਸਿੱਖਿਅਤ ਹੋਣਾ ਚਾਹੀਦਾ ਹੈ। ਮੌਜੂਦਾ

ਬਾਗਬਾਨੀ ਨਰਸਰੀਆਂ ਨੂੰ ਇਹ ਸ਼ਰਤ ਪੂਰੀ ਕਰਨ ਲਈ ਇੱਕ ਸਾਲ ਦਾ ਸਮਾਂ ਦਿੱਤਾ ਜਾਵੇਗਾ;

(ੲ) ਉਹ ਇਸ ਦੇ ਨਮਿੱਤ ਸ਼ਕਤਵਾਨ ਅਥਾਰਟੀ ਦੁਆਰਾ ਅਧਿਸੂਚਤ ਕੋਈ ਹੋਰ ਸ਼ਰਤਾਂ ਪੂਰੀਆਂ ਕਰਦਾ ਹੈ; ਅਤੇ

(ਸ) ਦਰਖ਼ਾਸਤਕਾਰ ਨੇ ਲਸੰਸ ਲਈ ਮੁਕੱਰਰ ਫ਼ੀਸ ਅਦਾ ਕੀਤੀ ਹੋਵੇ ਅਤੇ ਮੁਕੱਰਰ ਸਕਿਉਰਿਟੀ ਵੀ, ਜੇ ਕੋਈ ਹੋਵੇ, ਦਿੱਤੀ ਹੋਵੇ;

ਅਜਿਹੀ ਅਥਾਰਟੀ ਲਸੰਸ ਦੇ ਨਿਬੰਧਨਾਂ ਅਤੇ ਇਸ ਐਕਟ ਅਤੇ ਇਸ ਅਧੀਨ ਨਿਯਮਾਂ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਬਾਗਬਾਨੀ ਨਰਸਰੀ ਚਲਾਉਣ ਜਾਂ ਸਥਾਪਤ ਕਰਨ ਲਈ ਦਰਖ਼ਾਸਤਕਾਰ ਨੂੰ ਲਸੰਸ ਦੇ ਸਕੇਗੀ।

(3) ਇਸ ਧਾਰਾ ਅਧੀਨ ਦਿੱਤਾ ਗਿਆ ਹਰੇਕ ਲਸੰਸ ਮੁਕੱਰਰ ਮੁੱਦਤ ਲਈ ਜਾਇਜ਼ ਹੋਵੇਗਾ ਅਤੇ ਦਰਖ਼ਾਸਤ ਅਤੇ ਮੁਕੱਰਰ ਫ਼ੀਸ ਦੀ ਅਦਾਇਗੀ ਤੇ, ਸ਼ਕਤਵਾਨ ਅਥਾਰਟੀ ਦੁਆਰਾ ਸਮੇਂ ਸਮੇਂ ਤੇ ਅਤੇ ਮੁਕੱਰਰ ਮੁੱਦਤ ਲਈ ਨਵਿਆਇਆ ਜਾ ਸਕੇਗਾ, ਪਰੰਤੂ ਉਪ-ਧਾਰਾ (2) ਵਿੱਚ ਹੋਰ ਸ਼ਰਤਾਂ ਪੂਰੀਆਂ ਹੁੰਦੀਆਂ ਰਹਿਣ।

(4) ਜੇ ਸ਼ਕਤਵਾਨ ਅਥਾਰਟੀ ਇਸ ਧਾਰਾ ਅਧੀਨ ਲਸੰਸ ਜਾਰੀ ਕਰਨ ਜਾਂ ਨਵਿਆਉਣ ਤੋਂ ਇਨਕਾਰ ਕਰਦੀ ਹੈ, ਤਾਂ ਉਹ ਅਜਿਹੇ ਇਨਕਾਰ ਦੇ ਕਾਰਨਾਂ ਨੂੰ ਲਿਖਤੀ ਰੂਪ ਵਿੱਚ ਕਲਮਬੰਦ ਕਰੇਗੀ ਅਤੇ ਦਰਖ਼ਾਸਤਕਾਰ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਪਿੱਛੋਂ, ਆਪਣੇ ਹੁਕਮ ਦੀ ਨਕਲ ਦਰਖ਼ਾਸਤਕਾਰ ਨੂੰ ਸੰਸੂਚਿਤ ਕਰੇਗੀ।

ਲਸੰਸ ਦੀ ਮੁਅੱਤਲੀ ਜਾਂ ਮਨਸੂਖੀ।

5. (1) ਸ਼ਕਤਵਾਨ ਅਥਾਰਟੀ ਧਾਰਾ 4 ਅਧੀਨ ਜਾਰੀ ਕੀਤੇ ਗਏ ਜਾਂ ਨਵਿਆਏ ਗਏ ਕਿਸੇ ਲਸੰਸ ਨੂੰ ਮੁਅੱਤਲ ਜਾਂ ਮਨਸੂਖ ਕਰ ਸਕੇਗੀ-

(ੳ) ਜੇ ਲਸੰਸਧਾਰੀ ਨੇ ਦਿਵਾਲੀਆ ਨਿਆਂ-ਨਿਰਣਿਤ ਹੋਣ ਲਈ ਦਰਖ਼ਾਸਤ ਦਿੱਤੀ ਹੋਵੇ ਜਾਂ ਉਸ ਨੂੰ ਦਿਵਾਲੀਆ ਨਿਆਂ-ਨਿਰਣਿਤ ਕੀਤਾ ਗਿਆ ਹੈ, ਜਾਂ

(ਅ) ਜੇ ਉਸ ਨੇ ਬਾਗਬਾਨੀ ਨਰਸਰੀ ਉੱਤੇ ਆਪਣਾ ਕੰਟਰੋਲ, ਪੂਰਨ ਜਾਂ ਅੰਸ਼ਕ ਤੌਰ ਤੇ, ਛੱਡ ਦਿੱਤਾ ਹੋਵੇ, ਜਾਂ

(ੲ) ਜੇ ਉਸ ਨੇ ਅਜਿਹੀ ਬਾਗਬਾਨੀ ਨਰਸਰੀ ਦਾ ਸੰਚਾਲਣ ਕਰਨਾ ਜਾਂ ਰੱਖਣਾ ਬੰਦ ਕਰ ਦਿੱਤਾ ਹੋਵੇ, ਜਾਂ

(ਸ) ਜੇ ਅਜਿਹੀ ਅਥਾਰਟੀ ਦੀ ਰਾਏ ਵਿੱਚ, ਉਹ ਅਜਿਹੀ ਬਾਗਬਾਨੀ ਨਰਸਰੀ ਦਾ ਸੰਚਾਲਣ ਕਰਨ ਜਾਂ ਰੱਖਣ ਦੇ ਅਸਮਰੱਥ ਹੋ ਚੁੱਕਾ ਹੋਵੇ, ਜਾਂ

(ਹ) ਜੇ ਉਸ ਨੇ ਲਸੰਸ ਦੇ ਕਿਸੇ ਵੀ ਨਿਬੰਧਨਾਂ ਜਾਂ ਇਸ ਐਕਟ ਜਾਂ ਇਸ ਦੇ ਅਧੀਨ ਨਿਯਮਾਂ ਦੇ ਉਪਬੰਧਾਂ ਦੀ ਉਲੰਘਣਾ ਕੀਤੀ ਹੋਵੇ ਜਾਂ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ ਹੋਵੇ, ਜਾਂ

(ਕ) ਕਿਸੇ ਹੋਰ ਮੁਕੱਰਰ ਆਧਾਰ ਤੇ।

(1ੳ) ਲਸੰਸ ਦੀ ਮੁਅੱਤਲੀ ਜਾਂ ਮਨਸੂਖੀ ਬਾਗਬ਼ਾਨੀ ਨਰਸਰੀ ਦੇ ਪ੍ਰਦਰਸ਼ਨ ਬੋਰਡ ਤੇ ਪ੍ਰਦਰਸ਼ਤ ਕੀਤੀ ਜਾਣੀ ਚਾਹੀਦੀ ਹੈ।

(2) ਉਪ-ਧਾਰਾ (1) ਅਧੀਨ ਹੁਕਮ ਪਾਸ ਕਰਨ ਤੋਂ ਪਹਿਲਾਂ, ਸ਼ਕਤਵਾਨ ਅਥਾਰਟੀ ਲਸੰਸਧਾਰੀ ਨੂੰ ਉਨ੍ਹਾਂ ਆਧਾਰਾਂ ਬਾਰੇ ਇਤਲਾਹ ਕਰੇਗੀ ਜਿਨ੍ਹਾਂ ਦੇ ਆਧਾਰ ਤੇ ਕਾਰਵਾਈ ਕਰਨ ਦੀ ਤਜਵੀਜ਼ ਹੈ ਅਤੇ ਉਸ ਨੂੰ ਇਸ ਦੇ ਵਿਰੁੱਧ ਕਾਰਨ ਦੱਸਣ ਦਾ ਵਾਜਬ ਮੌਕਾ ਦਿੱਤਾ ਜਾਵੇ।

(3) ਸ਼ਕਤਵਾਨ ਅਥਾਰਟੀ, ਉਪ-ਧਾਰਾ (1) ਅਧੀਨ ਇਸ ਬਾਰੇ ਮਨਸੂਖੀ ਦੇ ਹੁਕਮ ਪਾਸ ਹੋਣ ਤੱਕ ਲਸੰਸ ਨੂੰ ਮੁਅੱਤਲ ਕਰ ਸਕੇਗੀ।

(3ੳ) ਜੇ ਨਰਸਰੀ ਦਾ ਮਾਲਕ ਨਿਰੀਖਣ ਫ਼ੀਸ ਜਮ੍ਹਾਂ ਨਹੀਂ ਕਰਵਾਉਂਦਾ ਜਾਂ ਨਿਰੀਖਣ ਕਰਨ ਲਈ ਫ਼ੀਸ ਜਮ੍ਹਾਂ ਕਰਨ ਦੇ ਸੱਤ ਕੰਮਕਾਜੀ ਦਿਨਾਂ ਦੀ ਮੁੱਦਤ ਦੇ ਅੰਦਰ ਉਚਿਤ ਪਾਲਣਾ ਕਰਨ ਪਿੱਛੋਂ ਨਿਰੀਖਣ ਅਧਿਕਾਰੀ/ਅਥਾਰਟੀ ਨੂੰ ਸੂਚਿਤ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਸ਼ਕਤਵਾਨ ਅਥਾਰਟੀ ਬਾਗਬਾਨੀ ਨਰਸਰੀ ਦਾ ਲਸੰਸ ਮੁਅੱਤਲ ਜਾਂ ਮਨਸੂਖ ਕਰ ਸਕਦੀ ਹੈ। ਅਜਿਹਾ ਅਧਿਕਾਰੀ ਜਾਂ ਅਥਾਰਟੀ ਜਾਣਕਾਰੀ ਪ੍ਰਾਪਤ ਹੋਣ ਪਿੱਛੋਂ ਪੰਦਰਾਂ ਕੰਮਕਾਜੀ ਦਿਨਾਂ ਦੇ ਅੰਦਰ ਬਾਗਬਾਨੀ ਨਰਸਰੀ ਦਾ ਨਿਰੀਖਣ ਕਰੇਗਾ, ਨਹੀਂ ਤਾਂ ਬਾਗਬਾਨੀ ਨਰਸਰੀ ਦਾ ਨਿਰੀਖਣ ਕੀਤਾ ਗਿਆ ਸਮਝਿਆ ਜਾਵੇਗਾ।

(4) ਉਪ-ਧਾਰਾ (1) ਜਾਂ ਉਪ-ਧਾਰਾ (3) ਅਧੀਨ ਪਾਸ ਕੀਤੇ ਹਰੇਕ ਹੁਕਮ ਦੀ ਨਕਲ ਲਸੰਸਧਾਰੀ ਨੂੰ ਸੰਸੂਚਿਤ ਕੀਤੀ ਜਾਵੇਗੀ।

(4ੳ) ਸ਼ਕਤਵਾਨ ਅਥਾਰਟੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਲਸੰਸ ਦੀ ਸਥਿਤੀ ਬਾਗਬਾਨੀ ਨਰਸਰੀ ਵਿੱਚ ਪ੍ਰਦਰਸ਼ਤ ਬੋਰਡ ਤੇ ਪ੍ਰਦਰਸ਼ਤ ਕੀਤੀ ਜਾਂਦੀ ਹੈ।

ਲਸੰਸ ਵਾਪਸ ਕਰਨਾ।

6. ਆਪਣੇ ਲਸੰਸ ਦੀ ਮਿਆਦ ਗੁਜ਼ਰਨ ਤੇ ਜਾਂ ਇਸ ਨੂੰ ਮੁਅੱਤਲ ਜਾਂ ਮਨਸੂਖ ਕਰਨ ਦੇ ਹੁਕਮ ਦੀ ਪ੍ਰਾਪਤੀ ਤੇ, ਲਸੰਸਧਾਰੀ ਸ਼ਕਤਵਾਨ ਅਥਾਰਟੀ ਨੂੰ ਲਸੰਸ ਵਾਪਸ ਕਰੇਗਾ:

ਪਰੰਤੂ ਅਜਿਹੀ ਅਥਾਰਟੀ, ਅਜਿਹੀ ਮਿਆਦ ਗੁਜ਼ਰਨ, ਮੁਅੱਤਲੀ ਜਾਂ ਮਨਸੂਖੀ ਹੋਣ ਤੋਂ ਪਿੱਛੋਂ, ਮਾਲਕ ਨੂੰ ਆਪਣੀ ਬਾਗਬਾਨੀ ਨਰਸਰੀ ਸਮਾਪਤ ਕਰਨ ਦੇ ਸਮਰੱਥ ਬਣਾਉਣ ਲਈ ਅਜਿਹਾ ਵਾਜਬ ਸਮਾਂ ਦੇ ਸਕੇਗੀ ਜਿਵੇਂ ਉਹ ਉਚਿਤ ਸਮਝੇ:

ਪਰੰਤੂ ਇਹ ਹੋਰ ਕਿ ਅਜਿਹੀ ਅਥਾਰਟੀ ਮਾਲਕ ਨੂੰ ਨਰਸਰੀ ਨੂੰ ਸਮਾਪਤ ਕਰਨ ਦੇ ਸਮਰੱਥ ਬਣਾਉਣ ਲਈ ਨਰਸਰੀ ਨੂੰ ਸਮਾਪਤ ਕਰਨ ਲਈ ਇੱਕ ਸਾਲ ਤੋਂ ਨ ਵੱਧ ਦੀ ਮੁੱਦਤ ਦੇਵੇਗੀ:

ਪਰੰਤੂ ਇਹ ਹੋਰ ਕਿ ਲਸੰਸ ਮਨਸੂਖ ਜਾਂ ਮੁਅੱਤਲ ਹੋਣ ਦੀ ਸੂਰਤ ਵਿੱਚ, ਸ਼ਕਤਵਾਨ ਅਥਾਰਟੀ ਦੁਆਰਾ ਜਾਂ ਉਸ ਦੁਆਰਾ ਅਖ਼ਤਿਆਰਤ ਕਿਸੇ ਹੋਰ ਵਿਅਕਤੀ

ਦੁਆਰਾ ਜੋ ਕਿ ਬਾਗਬਾਨੀ ਵਿਕਾਸ ਅਫ਼ਸਰ ਦੇ ਅਹੁਦੇ ਤੋਂ ਥੱਲੇ ਦਾ ਨ ਹੋਵੇ, ਪੌਦੇ ਨਸ਼ਟ ਕੀਤੇ ਜਾਣਗੇ। ਸ਼ਕਤਵਾਨ ਅਥਾਰਟੀ ਲਸੰਸਧਾਰੀ ਨੂੰ ਜੜ੍ਹ ਸਟਾਕ, ਪਨੀਰੀ ਅਤੇ ਪਿਓਂਦ ਕੀਤੇ ਪੌਦੇ ਜਾਂ ਕਲਟੀਵਰਜ਼ ਨੂੰ ਜੜੋਂ ਪੁੱਟਣ ਦੇ ਹੁਕਮ ਦੇਵੇਗੀ ਅਤੇ ਉਸ ਦੇ ਅਜਿਹਾ ਕਰਨ ਤੋਂ ਇਨਕਾਰ ਕਰਨ ਤੇ ਲਸੰਸਧਾਰੀ ਦੇ ਖੇਤ ਨੂੰ ਵਾਹੁਣ ਜਾਂ ਪੁੱਟਣ ਲਈ ਹੱਥੀਂਕਾਰ ਜਾਂ ਟਰੈਕਟਰ ਨੂੰ ਕੰਮ ਵਿੱਚ ਲਗਾਵੇਗੀ।

7. ਜੇ ਮਾਲਕ ਨੂੰ ਦਿੱਤਾ ਗਿਆ ਲਸੰਸ ਗੁਆਚ, ਨਸ਼ਟ, ਕੱਟਿਆ ਵੱਢਿਆ ਜਾਂ ਖਰਾਬ ਹੋ ਜਾਂਦਾ ਹੈ, ਤਾਂ ਸ਼ਕਤਵਾਨ ਅਥਾਰਟੀ, ਦਰਖ਼ਾਸਤ ਅਤੇ ਮੁਕੱਰਰ ਫ਼ੀਸ ਦੀ ਅਦਾਇਗੀ ਤੇ, ਇੱਕ ਨਕਲ ਲਸੰਸ ਜਾਰੀ ਕਰੇਗੀ। ਨਕਲਾਂ।

8. ਇਸ ਐਕਟ ਅਧੀਨ ਹਰੇਕ ਲਸੰਸਧਾਰੀ– ਲਸੰਸਧਾਰੀ ਦੇ ਕਰਤੱਵ।

(1) ਪਸਾਰ ਅਤੇ ਵਿਕਰੀ ਲਈ ਕਲਮ ਅਤੇ ਜੜ੍ਹ ਸਟਾਕ ਦੇ ਬਾਰੇ ਨਿਯਮਾਂ ਵਿੱਚ ਉਪਬੰਧ ਕੀਤੀ ਸੂਚੀ ਅਨੁਸਾਰ ਪੌਦਿਆਂ ਦੇ ਪਦਾਰਥ ਦੀਆਂ ਕੇਵਲ ਅਜਿਹੀਆਂ ਕਿਸਮਾਂ ਵਰਤੋਂ ਵਿੱਚ ਲਿਆਉਣ ਦਾ ਜ਼ਿੰਮਾ ਲਵੇਗਾ;

(1ੳ) ਲਸੰਸਧਾਰੀ ਕੋਲ ਆਪਣਾ ਜੜ੍ਹ ਸਟਾਕ ਅਤੇ ਕਲਮ ਮਦਰ ਬਲਾਕ ਹੋਣਾ ਚਾਹੀਦਾ ਹੈ ਜਾਂ ਉਸ ਨੂੰ ਉਪਲੱਬਧਤਾ ਦੇ ਤਾਬੇ ਅਦਾਇਗੀ ਦੇ ਆਧਾਰ ਤੇ ਬਾਗਬਾਨੀ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਅਰਜਤ ਕੀਤੇ ਜਾਣੇ ਚਾਹੀਦੇ ਹਨ। ਡੋਡੀ ਤਣੇ (ਕਲਮ) ਲਈ ਮਦਰ ਬਲਾਕ ਸਕਰੀਨ ਹਾਊਸ ਵਿੱਚ ਸੰਭਾਲਿਆ ਜਾਣਾ ਚਾਹੀਦਾ ਹੈ, ਜਿਸ ਲਈ ਵਿਸ਼ੇਸ਼ ਵਿਵਰਣ ਸ਼ਕਤਵਾਨ ਅਥਾਰਟੀ ਦੁਆਰਾ ਉਪਬੰਧ ਕੀਤੇ ਜਾ ਸਕਦੇ ਹਨ। ਜੇ ਲਸੰਸਧਾਰੀ ਦੂਜੀ ਇਕਾਈ ਚਲਾਉਣੀ ਚਾਹੁੰਦਾ ਹੈ, ਤਾਂ ਉਹ ਮੌਜੂਦਾ ਲਸੰਸ ਵਿੱਚ ਦੱਸੇ ਗਏ ਜੜ੍ਹ ਸਟਾਕ ਦੇ ਨਾਲ-ਨਾਲ ਕਲਮ ਦੇ ਮਦਰ ਪੌਦਿਆਂ ਦੀ ਵਰਤੋਂ ਕਰ ਸਕਦਾ ਹੈ;

(2) ਹਰੇਕ ਜੜ੍ਹ ਸਟਾਕ ਅਤੇ ਹਰੇਕ ਕਲਮ ਦੇ ਮੁੱਢ ਜਾਂ ਸਰੋਤ ਦਾ ਪੂਰਾ ਰਿਕਾਰਡ ਰੱਖੇਗਾ ਜਿਸ ਵਿੱਚ ਵਰਤੇ ਗਏ ਜੜ੍ਹ ਸਟਾਕ ਅਤੇ ਕਲਮ ਦਾ ਸਥਾਨਕ ਨਾਂ ਜਾਂ ਬਨਸਪਤੀ ਨਾਂ ਜਾਂ ਦੋਵਾਂ ਨੂੰ ਪ੍ਰਗਟਾਇਆ ਗਿਆ ਹੋਵੇ;

(2ੳ) ਬਾਗਬਾਨੀ ਪ੍ਰਮਾਣਨ ਏਜੰਸੀ ਤੋਂ ਪ੍ਰਮਾਣਨ ਅਤੇ ਲੱਭਣਯੋਗਤਾ ਸਰਟੀਫਿਕੇਟ (ਬੀਜ ਐਕਟ, 1966 ਦੀ ਧਾਰਾ 8 ਦੇ ਉਪਬੰਧ ਅਨੁਸਾਰ) ਪ੍ਰਾਪਤ ਕਰੇਗਾ। ਜੇ ਕੋਈ ਨਰਸਰੀ ਵਿਅਕਤੀ ਪੌਦਿਆਂ ਦੇ ਪਦਾਰਥ ਬਰਾਮਦ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ ਬਾਗਬਾਨੀ ਪ੍ਰਮਾਣਨ ਏਜੰਸੀ ਦੁਆਰਾ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਪਵੇਗੀ;

(3) ਬਾਗਬਾਨੀ ਪੌਦਿਆਂ ਨੂੰ ਉਗਾਉਣ ਲਈ ਵਰਤੋਂ ਵਿੱਚ ਲਿਆਂਦੇ ਗਏ ਹਰੇਕ ਜੜ੍ਹ ਸਟਾਕ ਅਤੇ ਕਲਮ ਦਰੱਖਤ ਦੀ ਸਥਿਤੀ ਨੂੰ ਦੱਸਣ ਵਾਲਾ ਨਕਸ਼ਾ ਰੱਖੇਗਾ;

(4) ਨਰਸਰੀ ਪਲਾਟਾਂ ਦੇ ਨਾਲ ਨਾਲ ਬਾਗਬਾਨੀ ਪੌਦਿਆਂ ਦੇ ਪਸਾਰ ਲਈ ਵਰਤੇ ਜਾਣ ਵਾਲੇ ਮੂਲ ਰੁੱਖਾਂ ਨੂੰ ਕੀੜੇ, ਹਾਨੀਕਾਰਕ ਕੀੜਿਆਂ-ਮਕੌੜਿਆਂ ਅਤੇ ਬਿਮਾਰੀਆਂ ਤੋਂ ਮੁਕਤ ਰੱਖੇਗਾ;

(4ੳ) ਬਾਗਬਾਨੀ ਵਿਭਾਗ, ਰਾਸ਼ਟਰੀ ਬਾਗਬਾਨੀ ਬੋਰਡ ਜਾਂ ਭਾਰਤ ਸਰਕਾਰ ਦੁਆਰਾ ਮੁਕੱਰਰ ਕੀਤੇ ਕੁਆਲਟੀ ਦੇ ਮਿਆਰਾਂ ਨੂੰ ਬਣਾਈ ਰੱਖੇਗਾ ਅਤੇ ਸ਼ਕਤਵਾਨ ਅਥਾਰਟੀ ਦੁਆਰਾ ਨਾਮਤ ਪ੍ਰਯੋਗਸ਼ਾਲਾਵਾਂ ਤੋਂ ਹਰੇਕ ਸਾਲ ਪਿੱਛੋਂ ਸੰਚਾਰਯੋਗ ਬਿਮਾਰੀਆਂ ਲਈ ਪਰੀਖਣ ਨਾਕਾਰਤਮਕ ਹੋਣਾ ਚਾਹੀਦਾ ਹੈ। ਪੌਦਿਆਂ ਦੇ ਪਦਾਰਥ ਸੰਕਰਮਿਤ ਹੋਣ ਦੀ ਸੂਰਤ ਵਿੱਚ, ਉਸ ਨੂੰ ਨਸ਼ਟ ਕੀਤਾ ਜਾਣਾ ਚਾਹੀਦਾ ਹੈ;

(5) ਵਿਕਰੀ ਲਈ ਚਿਤਵਤ ਕਿਸੇ ਪੈਕੇਜ ਵਿੱਚ ਵਲ੍ਹੇਟੇ ਬਾਗਬਾਨੀ ਪੌਦੇ ਦੀ ਹਰੇਕ ਪ੍ਰਕਾਰ ਅਤੇ ਕਿਸਮ ਦਾ ਨਾਂ ਅਤੇ ਅਜਿਹੇ ਹਰੇਕ ਫਲ ਪੌਦੇ ਦੀ ਕਲਮ ਦੇ ਨਾਂ ਸਹਿਤ ਜੜ੍ਹ ਸਟਾਕ ਦਾ ਨਾਂ ਲੇਵਲ ਉੱਤੇ ਨੁਮਾਇਆ ਤਰੀਕੇ ਨਾਲ ਉਲਿਖਤ ਕੀਤਾ ਜਾਵੇਗਾ;

(5ੳ) ਲਸੰਸਧਾਰੀ ਸ਼ਕਤਵਾਨ ਅਥਾਰਟੀ ਜਾਂ ਉਸ ਦੁਆਰਾ ਅਖ਼ਤਿਆਰਤ ਵਿਅਕਤੀ ਦੀ ਮੁਹਰ ਅਤੇ ਦਸਖ਼ਤਾਂ ਲਈ ਸ਼ਕਤਵਾਨ ਅਥਾਰਟੀ ਦੁਆਰਾ ਮੁਕੱਰਰ ਕੀਤੇ ਉਲਿਖਤ ਗਿਣਤੀ ਦੇ ਟੈਗ ਮੁਹੱਈਆ ਕਰਵਾਏਗਾ ਅਤੇ ਅਜਿਹੇ ਟੈਗ ਤੋਂ ਬਿਨਾਂ ਕੋਈ ਬਾਗਬਾਨੀ ਪੌਦਾ ਵੇਚਿਆ ਨਹੀਂ ਜਾਵੇਗਾ। ਟੈਗ ਤੇ ਬਾਗਬਾਨੀ ਪੌਦੇ ਦੇ ਜੜ੍ਹ ਸਟਾਕ ਅਤੇ ਕਲਮ ਦੀ ਕਿਸਮ ਦਾ ਨਾਂ ਲਿਖਿਆ ਹੋਣਾ ਚਾਹੀਦਾ ਹੈ;

(6) ਵਿਕਰੀ ਜਾਂ ਵੰਡ ਲਈ ਕੇਵਲ ਅਜਿਹੇ ਬਾਗਬਾਨੀ ਪੌਦੇ ਜਾਰੀ ਕਰਨ ਦਾ ਜ਼ਿੰਮਾ ਲਵੇਗਾ ਜੋ ਲੱਭਣਯੋਗਤਾ ਮਾਪਦੰਡਾਂ ਅਨੁਸਾਰ ਹਰ ਕਿਸਮ ਦੇ ਕੀੜੇ ਹਾਨੀਕਾਰਕ ਕੀੜੇ-ਮਕੌੜੇ ਜਾਂ ਬਿਮਾਰੀ ਤੋਂ ਪੂਰੀ ਤਰ੍ਹਾਂ ਮੁਕਤ ਹਨ;

(7) ਸ਼ਕਤਵਾਨ ਅਥਾਰਟੀ ਦੁਆਰਾ ਉਲਿਖਤ ਕੀਤੇ ਰੂਪ ਵਿੱਚ ਇੱਕ ਰਜਿਸਟਰ ਬਣਾ ਕੇ ਰੱਖੇਗਾ ਜਿਸ ਵਿੱਚ ਕਿਸੇ ਵਿਅਕਤੀ ਨੂੰ ਵੇਚੇ ਗਏ ਫ਼ਲ ਪੌਦੇ ਦਾ ਨਾਂ, ਜੜ੍ਹ ਸਟਾਕ ਦਾ ਨਾਂ ਅਤੇ ਉਸ ਨੂੰ ਖਰੀਦਣ ਵਾਲੇ ਵਿਅਕਤੀ ਦਾ ਨਾਂ ਅਤੇ ਪਤਾ ਦਰਸਾਇਆ ਗਿਆ ਹੋਵੇ;

(8) ਡਾਇਰੈਕਟਰ ਜਾਂ ਨਿਰੀਖਣ ਅਧਿਕਾਰੀ ਦੁਆਰਾ ਮੰਗ ਕੀਤੇ ਜਾਣ ਤੇ ਨਿਰੀਖਣ ਕਰਨ ਲਈ ਰਿਕਾਰਡ ਪੇਸ਼ ਕਰੇਗਾ, ਹਰੇਕ ਲਸੰਸਧਾਰੀ ਕੋਲ ਉਸ ਦਾ ਆਪਣਾ ਜੜ੍ਹ ਸਟਾਕ ਅਤੇ ਜਾਣੀ-ਪਛਾਣੀ ਨਸਲ ਦਾ ਕਲਮ ਮਦਰ ਬਲਾਕ ਹੋਣਾ ਚਾਹੀਦਾ ਹੈ ਜਾਂ ਬਾਗਬਾਨੀ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਾਂ ਕਿਸੇ ਦੂਸਰੇ ਰਾਜ ਦੀ ਰਾਜ ਖੇਤੀਬਾੜੀ ਯੂਨੀਵਰਸਿਟੀ ਜਾਂ ਕਿਸੇ ਭਾਰਤੀ ਖੇਤੀਬਾੜੀ ਖੋਜ ਸੰਸਥਾਵਾਂ ਤੋਂ ਉਪਲੱਬਧਤਾ ਦੇ ਤਾਬੇ ਅਦਾਇਗੀ ਦੇ ਆਧਾਰ ਤੇ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਸ਼ਕਤਵਾਨ ਅਥਾਰਟੀ ਦੁਆਰਾ ਉਪਬੰਧ ਕੀਤੇ ਵਿਸ਼ੇਸ਼ ਵਿਵਰਣ ਅਨੁਸਾਰ ਡੋਡੀ ਤਣਾ (ਕਲਮ) ਲਈ ਮਦਰ ਬਲਾਕ ਸਕਰੀਨ ਹਾਊਸ ਵਿੱਚ ਸੰਭਾਲਿਆ ਜਾਣਾ ਚਾਹੀਦਾ ਹੈ। ਸਾਰੀਆਂ ਜੜ੍ਹ ਸਟਾਕ ਕਲਮਾਂ ਸਿਰਫ਼ ਮਾਨਤਾ ਪ੍ਰਾਪਤ ਨਰਸਰੀ, ਬਾਗਬਾਨੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਹੀ ਲਈਆਂ ਜਾਣਗੀਆਂ। ਇਸ ਧਾਰਾ ਦੀ ਉਪ-ਧਾਰਾ (6) ਦੇ ਉਪਬੰਧਾਂ ਦੀ ਪੂਰਤੀ ਕਰਨ ਲਈ ਹਰੇਕ ਲਸੰਸਧਾਰੀ ਸ਼ਕਤਵਾਨ ਅਥਾਰਟੀ ਦੁਆਰਾ ਨਿਸ਼ਚਿਤ ਕੀਤੀ ਗਈ

ਮੁਕੱਰਰ ਫ਼ੀਸ ਜਮ੍ਹਾਂ ਕਰੇਗਾ ਅਤੇ ਤਿਮਾਹੀ ਦੇ ਨਾਲ ਅੰਤਮ ਨਿਰੀਖਣ ਕਰਵਾਉਣ ਲਈ ਫ਼ੀਸ ਜਮ੍ਹਾਂ ਕਰਵਾਉਣ ਦੇ ਸੱਤ ਦਿਨਾਂ ਦੀ ਮੁੱਦਤ ਦੇ ਅੰਦਰ ਨਿਰੀਖਣ ਅਧਿਕਾਰੀ ਜਾਂ ਅਥਾਰਟੀ ਨੂੰ ਸੂਚਿਤ ਕਰੇਗਾ।

(9) ਹਰੇਕ ਬਾਗਬਾਨੀ ਨਰਸਰੀ ਵਿੱਚ, ਮਾਲਕ ਕੋਲ ਸ਼ਕਤਵਾਨ ਅਥਾਰਟੀ ਦੁਆਰਾ ਫ਼ੈਸਲਾ ਕੀਤੇ ਅਨੁਸਾਰ ਮੁਕੱਰਰ ਕੀਤੇ ਆਕਾਰਾਂ, ਰੰਗ ਅਤੇ ਸਥਾਨ ਦਾ ਇੱਕ ਪ੍ਰਦਰਸ਼ਨੀ ਬੋਰਡ ਹੋਣਾ ਚਾਹੀਦਾ ਹੈ ਜਿਸ ਵਿੱਚ ਪ੍ਰਦਰਸ਼ਨੀ ਬੋਰਡ ਦੇ ਅੱਧੇ ਖੱਬੇ ਪਾਸੇ ਰੰਗ-ਰੋਗਨ ਨਾਲ ਹੇਠ-ਲਿਖੀ ਜਾਣਕਾਰੀ ਪ੍ਰਦਰਸ਼ਤ ਹੋਣੀ ਚਾਹੀਦੀ ਹੈ:-

(i) ਨਰਸਰੀ ਦਾ ਨਾਂ;

(ii) ਲਸੰਸ ਨੰਬਰ;

(iii) ਜਾਇਜ਼ਤਾ ਮੁੱਦਤ;

(iv) ਪੌਦਿਆਂ ਦੇ ਪਦਾਰਥ ਦਾ ਸੋਮਾ; ਅਤੇ

(v) ਪੌਦਿਆਂ ਦੇ ਪਦਾਰਥ ਦੀ ਕਿਸਮ।

(10) ਪ੍ਰਦਰਸ਼ਨੀ ਬੋਰਡ ਦਾ ਹੇਠਲਾ ਸੱਜੇ ਪਾਸੇ ਦਾ ਅੱਧਾ ਹਿੱਸਾ ਬਾਗਬਾਨੀ ਵਿਭਾਗ ਦੁਆਰਾ ਉਪਬੰਧਤ ਨਰਸਰੀ ਦੇ ਪੌਦਿਆਂ ਬਾਬਤ ਕਿਸਾਨਾਂ ਨੂੰ ਕੋਈ ਮਹੱਤਵਪੂਰਨ ਜਾਣਕਾਰੀ ਦੇਣ ਲਈ ਵਰਤਿਆ ਜਾਵੇਗਾ।

9. (1) ਇਸ ਐਕਟ ਅਧੀਨ ਲਸੰਸ ਦੇਣ ਜਾਂ ਨਵਿਆਉਣ ਤੋਂ ਇਨਕਾਰ ਕਰਨ ਵਾਲੇ ਸ਼ਕਤਵਾਨ ਅਥਾਰਟੀ ਦੇ ਹੁਕਮ ਤੋਂ ਦੁਖਿਤ ਕੋਈ ਵਿਅਕਤੀ, ਅਜਿਹੇ ਰੂਪ ਅਤੇ ਤਰੀਕੇ ਨਾਲ, ਅਜਿਹੀ ਮੁੱਦਤ ਅੰਦਰ ਅਤੇ ਅਜਿਹੀ ਅਥਾਰਟੀ ਨੂੰ, ਜਿਵੇਂ ਮੁਕੱਰਰ ਕੀਤੀ ਜਾਵੇ, ਅਪੀਲ ਕਰ ਸਕੇਗਾ: ਅਪੀਲਾਂ।

ਪਰੰਤੂ ਅਪੀਲੀ ਅਥਾਰਟੀ ਮੁਕੱਰਰ ਮੁੱਦਤ ਪਿੱਛੋਂ ਅਪੀਲ ਨੂੰ ਸਵੀਕਾਰ ਕਰ ਸਕੇਗੀ, ਜੇ ਕਾਫ਼ੀ ਕਾਰਨ ਦੱਸਿਆ ਗਿਆ ਹੋਵੇ।

(2) ਅਪੀਲੀ ਅਥਾਰਟੀ, ਅਪੀਲਕਾਰ ਨੂੰ ਸੁਣਨ ਤੋਂ ਬਾਅਦ, ਅਪੀਲ ਤੇ ਅਜਿਹੇ ਹੁਕਮ ਪਾਸ ਕਰ ਸਕੇਗੀ, ਜਿਵੇਂ ਉਹ ਉਚਿਤ ਸਮਝੇ।

(3) ਧਾਰਾ 10 ਦੇ ਉਪਬੰਧਾਂ ਦੇ ਤਾਬੇ, ਇਸ ਧਾਰਾ ਅਧੀਨ ਪਾਸ ਕੀਤਾ ਹੁਕਮ, ਅੰਤਮ ਹੋਵੇਗਾ।

10. (1) ਰਾਜ ਸਰਕਾਰ, ਇਸ ਐਕਟ ਅਧੀਨ ਪਾਸ ਕੀਤੇ ਹੁਕਮ ਤੋਂ ਦੁਖਿਤ ਕਿਸੇ ਵਿਅਕਤੀ ਦੀ ਦਰਖ਼ਾਸਤ ਤੇ, ਕਿਸੇ ਵੀ ਸਮੇਂ, ਅਜਿਹੇ ਹੁਕਮ ਦੀ ਕਾਨੂੰਨਤਾ ਜਾਂ ਉਚਿਤਤਾ ਬਾਰੇ ਆਪਣੀ ਤਸੱਲੀ ਕਰਨ ਦੇ ਪ੍ਰਯੋਜਨ ਲਈ, ਕੇਸ ਦਾ ਰਿਕਾਰਡ ਮੰਗਵਾ ਸਕੇਗੀ ਅਤੇ ਉਸ ਦੀ ਪ੍ਰੀਖਿਆ ਕਰ ਸਕੇਗੀ ਅਤੇ ਉਸ ਤੇ ਅਜਿਹੇ ਹੁਕਮ ਪਾਸ ਕਰ ਸਕੇਗੀ ਜਿਵੇਂ ਉਹ ਉਚਿਤ ਸਮਝੇ: ਸੁਧਾਈ।

ਪਰੰਤੂ ਰਾਜ ਸਰਕਾਰ ਇਸ ਧਾਰਾ ਅਧੀਨ, ਉਸ ਹੁਕਮ ਦੇ ਬਾਰੇ ਵਿੱਚ ਜਿਸ ਵਿਰੁੱਧ ਧਾਰਾ 9 ਅਧੀਨ ਦਾਇਰ ਕੀਤੀ ਅਪੀਲ ਲੰਬਿਤ ਹੋਵੇ ਜਾਂ ਅਪੀਲ ਦਾਇਰ ਨਾ

ਕਰਨ ਦੀ ਸੂਰਤ ਵਿੱਚ ਉਸ ਲਈ ਸਮਾਂ-ਸੀਮਾ ਗੁਜ਼ਰਨ ਤੋਂ ਪਹਿਲਾਂ, ਸ਼ਕਤੀ ਦੀ ਵਰਤੋਂ ਨਹੀਂ ਕਰੇਗੀ।

(2) ਇਸ ਧਾਰਾ ਅਧੀਨ ਪਾਸ ਕੀਤਾ ਹੁਕਮ ਅੰਤਮ ਹੋਵੇਗਾ।

ਨਿਰੀਖਣ ਦੀਆਂ ਸ਼ਕਤੀਆਂ।

11. (1) ਸ਼ਕਤਵਾਨ ਅਥਾਰਟੀ ਜਾਂ ਉਸ ਦੁਆਰਾ ਇਸ ਦੇ ਨਮਿੱਤ ਅਖ਼ਤਿਆਰਤ ਕੋਈ ਵਿਅਕਤੀ ਜੋ ਬਾਗਬਾਨੀ ਵਿਕਾਸ ਅਧਿਕਾਰੀ ਦੇ ਰੈਂਕ ਤੋਂ ਥੱਲੇ ਦਾ ਨ ਹੋਵੇ, ਸਾਰੇ ਵਾਜਬ ਸਮੇਂ ਤੇ ਅਤੇ ਸਹਾਇਕਾਂ ਦੇ ਨਾਲ ਜਾਂ ਬਿਨਾਂ, ਆਪਣੇ ਆਪ ਜਾਂ ਉਸ ਦੀ ਤਸੱਲੀ ਕਰਨ ਦੇ ਪ੍ਰਯੋਜਨ ਲਈ ਕਿ ਇਸ ਐਕਟ ਜਾਂ ਉਸ ਦੇ ਹੇਠਾਂ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ, ਕਿਸੇ ਫ਼ਲ ਨਰਸਰੀ ਵਿੱਚ ਪ੍ਰਵੇਸ਼ ਕਰ ਸਕੇਗਾ ਅਤੇ ਉੱਥੇ ਫ਼ਲ ਪੌਦਿਆਂ ਅਤੇ ਉਨ੍ਹਾਂ ਨਾਲ ਸਬੰਧਤ ਰਜਿਸਟਰਾਂ, ਵਹੀ-ਖਾਤਿਆਂ ਅਤੇ ਰਿਕਾਰਡਾਂ ਦਾ ਨਿਰੀਖਣ ਅਤੇ ਪ੍ਰੀਖਿਆ ਕਰ ਸਕੇਗਾ।

(2) ਲਸੰਸਧਾਰੀ ਸ਼ਕਤਵਾਨ ਅਥਾਰਟੀ ਜਾਂ ਉਸ ਦੁਆਰਾ ਅਖ਼ਤਿਆਰਤ ਵਿਅਕਤੀ ਨੂੰ ਅਜਿਹੇ ਨਿਰੀਖਣ ਅਤੇ ਜਾਂਚ ਲਈ, ਜੋ ਉਪਰੋਕਤ ਪ੍ਰਯੋਜਨ ਲਈ ਲੋੜੀਂਦੀ ਹੋਵੇ, ਸਾਰੀ ਵਾਜਬ ਪਹੁੰਚ ਅਤੇ ਸਹੂਲਤਾਂ ਦੇਵੇਗਾ ਅਤੇ ਬਾਗਬਾਨੀ ਨਰਸਰੀ ਨਾਲ ਸਬੰਧਤ ਅਜਿਹੀ ਜਾਣਕਾਰੀ ਦੇਣ ਲਈ ਪਾਬੰਦ ਹੋਵੇਗਾ ਜੋ ਅਜਿਹੀ ਅਥਾਰਟੀ ਜਾਂ ਵਿਅਕਤੀ ਦੁਆਰਾ ਲੋੜੀ ਜਾਵੇ।

ਰਾਜ ਸਰਕਾਰ ਦੀ ਰਾਜ ਵਿੱਚ ਫ਼ਲਾਂ ਦੇ ਪੌਦਿਆਂ ਨੂੰ ਲਿਆਉਣ, ਬਾਹਰ ਲਿਜਾਣ ਤੇ ਪਾਬੰਦੀ ਜਾਂ ਵਿਨਿਯਮਨ ਕਰਨ ਦੀ ਸ਼ਕਤੀ।

12. ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਅਜਿਹੀਆਂ ਪਾਬੰਦੀਆਂ ਅਤੇ ਸ਼ਰਤਾਂ ਦੇ ਤਾਬੇ ਜਿਵੇਂ ਉਹ ਲਗਾ ਸਕੇਗੀ, ਕੇਂਦਰੀ ਸਰਕਾਰ ਦੁਆਰਾ ਪਰਿਭਾਸ਼ਤ ਸੀਮਾ-ਮਸੂਲ ਸਰਹੱਦ ਦੇ ਆਰ-ਪਾਰ ਤੋਂ ਇਲਾਵਾ, ਰਾਜ ਵਿੱਚ ਲਿਆਉਣ ਜਾਂ ਬਾਹਰ ਲਿਜਾਣ, ਜਾਂ ਕਿਸੇ ਛੂਤ ਜਾਂ ਲਾਗ ਵਾਲੀ ਬਿਮਾਰੀ ਜਾਂ ਕੀੜੇ-ਮਕੌੜਿਆਂ ਤੋਂ ਪ੍ਰਭਾਵਿਤ ਕਿਸੇ ਅਗਿਆਤ ਨਸਲ ਦੇ ਕਿਸੇ ਫ਼ਲ ਪੌਦੇ ਨੂੰ ਰਾਜ ਅੰਦਰ ਲਿਜਾਣ ਤੋਂ ਮਨ੍ਹਾਂ ਜਾਂ ਵਿਨਿਯਮਤ ਕਰ ਸਕੇਗੀ। ਕੋਈ ਵੀ ਵਿਅਕਤੀ ਪੰਜਾਬ ਰਾਜ ਦੀ ਮਨੋਨੀਤ ਅਥਾਰਟੀ ਦੁਆਰਾ ਫਾਈਟੋਸੇਨਿਟਰੀ ਪ੍ਰਮਾਣ-ਪੱਤਰ ਪ੍ਰਾਪਤ ਕੀਤੇ ਬਿਨ੍ਹਾਂ, ਜਿਵੇਂ ਪੌਦੇ ਸੁਰੱਖਿਆ ਸਲਾਹਕਾਰ, ਭਾਰਤ ਸਰਕਾਰ, ਡਾਇਰੈਕਟੋਰੇਟ ਪੌਦੇ ਸੁਰੱਖਿਆ ਇਕਾਂਤਵਾਸ ਅਤੇ ਸਟੋਰੇਜ਼, ਫਰੀਦਾਬਾਦ ਦੁਆਰਾ ਅਧਿਸੂਚਿਤ ਕੀਤਾ ਗਿਆ ਹੋਵੇ, ਰਾਜ ਦੇ ਬਾਹਰ ਤੋਂ ਬਾਗਬਾਨੀ ਪੌਦੇ ਨਹੀਂ ਲਿਆ ਸਕੇਗਾ।

ਡੰਨ।

13. (1) ਜੇ ਕੋਈ ਵਿਅਕਤੀ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਵੀ ਉਪਬੰਧਾਂ ਦੀ ਉਲੰਘਣਾ ਕਰਦਾ ਹੈ ਜਿਸ ਦੀ ਉਲੰਘਣਾ ਇਸ ਧਾਰਾ ਅਧੀਨ ਸਜ਼ਾਯੋਗ ਹੈ ਜਾਂ ਕਿਸੇ ਅਜਿਹੇ ਉਪਬੰਧ, ਨਿਯਮ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਉਲੰਘਣਾ ਕਰਨ ਲਈ ਸ਼ਹਿ ਦਿੰਦਾ ਹੈ, ਤਾਂ ਉਹ ਜ਼ੁਰਮਾਨੇ ਨਾਲ, ਜੋ ਨੁਕਸਾਨ ਰਿਪੋਟ ਦੇ ਰੂਪ ਵਿੱਚ ਪੰਜਾਹ ਹਜਾਰ ਰੁਪਏ ਤੱਕ ਹੋ ਸਕਦਾ ਹੈ, ਸਜ਼ਾਯੋਗ ਹੋਵੇਗਾ। ਇਹ ਰਕਮ ਬਾਗਬਾਨੀ ਪ੍ਰਮਾਣਨ ਏਜੰਸੀ ਕੋਲ ਜਮ੍ਹਾਂ ਕਰਵਾਈ ਜਾਵੇਗੀ।

(2) ਜੇ ਇਸ ਐਕਟ ਅਧੀਨ ਅਪਰਾਧ ਕਰਨ ਵਾਲਾ ਵਿਅਕਤੀ ਇੱਕ ਕੰਪਨੀ ਹੈ, ਤਾਂ ਕੰਪਨੀ ਦੇ ਨਾਲ-ਨਾਲ ਹਰੇਕ ਵਿਅਕਤੀ ਜੋ ਅਪਰਾਧ ਕੀਤੇ ਜਾਣ ਸਮੇਂ ਕੰਪਨੀ ਦਾ ਇੰਚਾਰਜ ਸੀ ਅਤੇ ਕੰਪਨੀ ਦੇ ਕਾਰੋਬਾਰ ਦੇ ਸੰਚਾਲਣ ਲਈ ਉੱਤਰਦਾਈ ਸੀ, ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇ ਅਤੇ ਉਸ ਅਨੁਸਾਰ ਉਸ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

* * * * *

(3) ਉਪ-ਧਾਰਾ (2) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਜਿੱਥੇ ਇਸ ਐਕਟ ਅਧੀਨ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੋਵੇ ਅਤੇ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਅਪਰਾਧ ਕੰਪਨੀ ਦੇ ਕਿਸੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਦੀ ਸੰਮਤੀ ਜਾਂ ਗੁੱਝੀ ਰਜ਼ਾਮੰਦੀ ਨਾਲ ਕੀਤਾ ਗਿਆ ਹੈ ਜਾਂ ਅਪਰਾਧ ਕਿਸੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਕੰਪਨੀ ਦੇ ਕਿਸੇ ਹੋਰ ਅਧਿਕਾਰੀ ਦੀ ਅਣਗਹਿਲੀ ਕਾਰਨ ਹੋਇਆ ਮੰਨਿਆ ਜਾ ਸਕਦਾ ਹੈ, ਉੱਥੇ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਵੀ ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਉਸ ਅਨੁਸਾਰ ਉਸ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨ ਲਈ,-

(ੳ) "ਕੰਪਨੀ" ਦਾ ਮਤਲਬ ਹੈ ਕੋਈ ਨਿਗਮਤ ਬੌਡੀ ਅਤੇ ਇਸ ਵਿੱਚ ਕੋਈ ਫ਼ਰਮ ਜਾਂ ਵਿਅਕਤੀਆਂ ਦੀ ਹੋਰ ਸਭਾ ਸ਼ਾਮਲ ਹੈ; ਅਤੇ

(ਅ) ਕਿਸੇ ਫਰਮ ਦੇ ਸਬੰਧ ਵਿੱਚ "ਡਾਇਰੈਕਟਰ", ਦਾ ਮਤਲਬ ਹੈ, ਉਸ ਫ਼ਰਮ ਵਿੱਚ ਕੋਈ ਭਾਈਵਾਲ।

ਅਪਰਾਧਾਂ ਦਾ ਸਮਾਇਤ ਅਧਿਕਾਰ ਆਦਿ।

14. (1) ਇਸ ਐਕਟ ਅਧੀਨ ਸਜ਼ਾ ਦਿੱਤੇ ਜਾਣ ਯੋਗ ਅਪਰਾਧ ਦਾ ਕੋਈ ਅਦਾਲਤ ਸ਼ਕਤਵਾਨ ਅਥਾਰਟੀ ਦੁਆਰਾ ਜਾਂ ਸ਼ਕਤਵਾਨ ਅਥਾਰਟੀ ਦੁਆਰਾ ਇਸ ਦੇ ਨਮਿੱਤ ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ ਅਖ਼ਤਿਆਰਤ ਕਿਸੇ ਅਧਿਕਾਰੀ ਦੁਆਰਾ ਲਿਖਤੀ ਸ਼ਿਕਾਇਤ ਦੇ ਸਿਵਾਏ ਸਮਾਇਤ ਅਧਿਕਾਰ ਨਹੀਂ ਲਵੇਗੀ।

(2) ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਤੋਂ ਅਦਨਾ ਕੋਈ ਅਦਾਲਤ ਇਸ ਐਕਟ ਅਧੀਨ ਸਜ਼ਾ ਦਿੱਤੇ ਜਾਣ ਯੋਗ ਕਿਸੇ ਅਪਰਾਧ ਦਾ ਵਿਚਾਰਣ ਨਹੀਂ ਕਰੇਗੀ।

ਇਸ ਐਕਟ ਅਧੀਨ ਸ਼ਕਤੀਆਂ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਦਾ ਲੋਕ ਸੇਵਕ ਹੋਣਾ।

15. ਇਸ ਐਕਟ ਅਧੀਨ ਸ਼ਕਤੀਆਂ ਦੀ ਵਰਤੋਂ ਕਰਨ ਵਾਲੇ ਸਾਰੇ ਵਿਅਕਤੀ ਭਾਰਤੀ ਦੰਡ ਸੰਘਤਾ ਦੀ ਧਾਰਾ 21 ਦੇ ਅਰਥ ਅੰਦਰ ਲੋਕ ਸੇਵਕ ਸਮਝੇ ਜਾਣਗੇ।

ਲਸੰਸ ਦੀ ਮੁਅੱਤਲੀ ਜਾਂ ਮਨਸੂਖੀ ਲਈ ਮੁਆਵਜ਼ਾ ਨ ਹੋਣਾ।

16. ਜਿੱਥੇ ਇਸ ਐਕਟ ਅਧੀਨ ਕੋਈ ਲਸੰਸ ਮੁਅੱਤਲ ਜਾਂ ਰੱਦ ਕੀਤਾ ਜਾਂਦਾ ਹੈ, ਲਸੰਸਧਾਰੀ ਉਸ ਲਈ ਕਿਸੇ ਮੁਆਵਜ਼ੇ ਦਾ ਹੱਕਦਾਰ ਨਹੀਂ ਹੋਵੇਗਾ, ਨਾ ਹੀ ਉਹ ਲਸੰਸ ਲਈ ਉਸ ਦੁਆਰਾ ਅਦਾ ਕੀਤੀ ਗਈ ਫ਼ੀਸ ਦੀ ਵਾਪਸੀ ਦਾ ਹੱਕਦਾਰ ਹੋਵੇਗਾ। ਨਵਾਂ ਨਰਸਰੀ ਲਸੰਸ ਅਗਲੇ ਦਸ ਸਾਲਾਂ ਦੀ ਮੁੱਦਤ ਲਈ ਜਾਰੀ ਨਹੀਂ ਕੀਤਾ ਜਾਵੇਗਾ।

ਨੇਕ-ਨੀਤੀ ਨਾਲ ਕਾਰਵਾਈ ਕਰਨ ਵਾਲੇ ਵਿਅਕਤੀਆਂ ਦੀ ਹਿਫ਼ਾਜ਼ਤ।

17. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮ ਜਾਂ ਹੁਕਮ ਦੇ ਅਨੁਸਰਣ ਵਿੱਚ ਨੇਕ ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਵਿਰੁੱਧ ਜਾਂ ਕਿਸੇ ਵਿਅਕਤੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਕੋਈ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਸ਼ਕਤੀਆਂ ਦਾ ਡੈਲੀਗੇਸ਼ਨ।

18. ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਅਧੀਨ ਆਪਣੀਆਂ ਸਾਰੀਆਂ ਜਾਂ ਕੋਈ ਸ਼ਕਤੀ ਆਪਣੇ ਅਧੀਨ ਕਿਸੇ ਅਧਿਕਾਰੀ ਜਾਂ ਅਥਾਰਟੀ ਨੂੰ, ਨਿਯਮ ਬਣਾਉਣ ਦੀਆਂ ਸ਼ਕਤੀਆਂ ਨੂੰ ਛੱਡ ਕੇ, ਡੈਲੀਗੇਟ ਕਰ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

19. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ-

(ੳ) ਉਹ ਸਾਰੇ ਮਾਮਲੇ ਜੋ ਇਸ ਐਕਟ ਦੁਆਰਾ ਸਪੱਸ਼ਟ ਤੌਰ ਤੇ ਮੁਕੱਰਰ ਕੀਤੇ ਜਾਣ ਲਈ ਲੋੜੀਂਦੇ ਹਨ ਜਾਂ ਮਨਜ਼ੂਰ ਕੀਤੇ ਗਏ ਹਨ; ਜਾਂ

(ਅ) ਮਾਲਕ ਨੂੰ ਦਿੱਤੇ ਜਾਣ ਵਾਲੇ ਲਸੰਸਾਂ ਵਿੱਚ ਅੰਤਰਸਥਾਪਤ ਕੀਤੀਆਂ ਜਾਣ ਵਾਲੀਆਂ ਸ਼ਰਤਾਂ ਅਤੇ ਅਜਿਹੇ ਲਸੰਸਾਂ ਦਾ ਰੂਪ;

(ੲ) ਇਸ ਐਕਟ ਅਧੀਨ ਆਪਣੇ ਕਾਜਕਾਰਾਂ ਦੀ ਵਰਤੋਂ ਕਰਨ ਵਿੱਚ ਸ਼ਕਤਵਾਨ ਅਥਾਰਟੀਆਂ ਦੁਆਰਾ ਅਪਣਾਇਆ ਜਾਣ ਵਾਲਾ ਜ਼ਾਬਤਾ;

(ਸ) ਲਸੰਸਧਾਰੀਆਂ ਦੁਆਰਾ ਰੱਖੇ ਜਾਣ ਵਾਲੇ ਰਜਿਸਟਰ, ਲੇਖਾ-ਵਹੀਆਂ ਅਤੇ ਰਿਕਾਰਡ ਅਤੇ ਉਹ ਤਰੀਕਾ ਜਿਸ ਵਿੱਚ ਅਤੇ ਉਹ ਮੁੱਦਤ ਜਿਸ ਲਈ ਉਸ ਨੂੰ ਰੱਖਿਆ ਜਾਵੇਗਾ;

(ਹ) ਉਹ ਹਾਲਾਤ ਜਿਨ੍ਹਾਂ ਵਿੱਚ ਲਸੰਸਧਾਰੀਆਂ ਤੋਂ ਸਕਿਉਰਿਟੀ ਲੋੜੀਂਦੀ ਹੋਵੇ ਅਤੇ ਉਹਨਾਂ ਦੁਆਰਾ ਦਿੱਤੀ ਗਈ ਸਕਿਉਰਿਟੀ ਜ਼ਬਤ ਕੀਤੀ ਜਾ ਸਕਦੀ ਹੋਵੇ ਅਤੇ ਉਹ ਤਰੀਕਾ ਜਿਸ ਵਿੱਚ ਅਜਿਹੀ ਜ਼ਬਤੀ ਦੇ ਨਤੀਜੇ ਵਜੋਂ ਅਦਾਇਗੀਯੋਗ ਕੋਈ ਰਕਮ ਵਸੂਲ ਕੀਤੀ ਜਾ ਸਕਦੀ ਹੋਵੇ;

(ਕ) ਬਾਗਬਾਨੀ ਨਰਸਰੀਆਂ ਦਾ ਕਾਰਜ-ਕੁਸ਼ਲਤਾ ਨਾਲ ਸੰਚਾਲਣ ਸੁਧਾਰ ਅਤੇ ਵਿਕਾਸ;

(ਖ) ਬਾਗਬਾਨੀ ਪੌਦਿਆਂ ਦੀ ਜਿਨ੍ਹਾਂ ਦੇ ਬਾਰੇ ਵਿੱਚ ਧਾਰਾ 12 ਅਧੀਨ ਅਧਿਸੂਚਨਾ ਜਾਰੀ ਕੀਤੀ ਗਈ ਹੋਵੇ ਜਾਂ ਕਿਸੇ ਵਸਤੂਆਂ ਜੋ ਉਸ ਦੇ ਸਪਰਸ਼ ਜਾਂ ਨੇੜਤਾ ਵਿੱਚ ਰਹੀਆਂ ਹੋਣ, ਦੀ ਸੂਹ, ਨਿਰੀਖਣ, ਪ੍ਰਮਾਣਨ, ਲਿਜਾਣ ਅਤੇ ਨਸ਼ਟਤਾ ਦਾ ਤਰੀਕਾ ਅਤੇ ਅਧਿਕਾਰੀਆਂ ਦੀਆਂ ਸ਼ਕਤੀਆਂ ਅਤੇ ਕਰਤੱਵਾਂ ਦਾ ਵਿਨਿਯਮਨ ਜੋ ਇਸ ਦੇ ਨਮਿੱਤ ਨਿਯੁਕਤ ਕੀਤੇ ਜਾਣ।

(3) ਇਸ ਧਾਰਾ ਅਧੀਨ ਬਣਾਇਆ ਗਿਆ ਕੋਈ ਨਿਯਮ ਇਹ ਉਪਬੰਧ ਕਰ ਸਕੇਗਾ ਕਿ ਉਸ ਦੀ ਉਲੰਘਣਾ ਧਾਰਾ 13 ਅਧੀਨ ਸਜ਼ਾਯੋਗ ਹੋਵੇਗੀ।

(4) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ ਇਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ ਦਸ ਦਿਨਾਂ ਦੀ ਮੁੱਦਤ ਲਈ ਰਾਜ ਵਿਧਾਨ ਮੰਡਲ ਅੱਗੇ ਰੱਖਿਆ ਜਾਵੇਗਾ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

*3713/5-2026/Pb. Govt. Press, S.A.S. Nagar*

ਭਾਗ -1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

## ਅਧਿਸੂਚਨਾ

ਮਿਤੀ 8 ਮਈ, 2026

**ਨੰ: 39/ਭ.ਕ./2026.-** ਪੰਜਾਬ ਨਾਟਕੀ ਪ੍ਰਦਰਸ਼ਨ ਐਕਟ, 1964 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

## NOTIFICATION

The 8th May, 2026

**No. 39/L.C./2026.-** The Translation in Punjabi of the Punjab Dramatic Performances Act, 1964 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਨਾਟਕੀ ਪ੍ਰਦਰਸ਼ਨ ਐਕਟ, 1964

(1964 ਦਾ ਪੰਜਾਬ ਐਕਟ ਨੰ: 10)

ਪੰਜਾਬ ਰਾਜ ਵਿੱਚ ਲੋਕ ਨਾਟਕੀ ਪ੍ਰਦਰਸ਼ਨ ਦੇ ਚੰਗੇਰੇ ਕੰਟਰੋਲ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਪੰਦਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਨਾਟਕੀ ਪ੍ਰਦਰਸ਼ਨ ਐਕਟ, 1964 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਵਿਸਤਾਰ।

(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ 'ਤੇ ਹੈ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,- ਪਰਿਭਾਸ਼ਾਵਾਂ।

(1) "ਇਤਰਾਜ਼ਯੋਗ ਪ੍ਰਦਰਸ਼ਨ" ਦਾ ਮਤਲਬ ਹੈ ਕੋਈ ਨਾਟਕ, ਮੂਕ ਅਭਿਨੈ ਜਾਂ ਹੋਰ ਡਰਾਮਾ ਜੋ ਜਾਣ-ਬੁੱਝ ਕੇ ਭਾਰਤ ਦੇ ਨਾਗਰਿਕਾਂ ਦੇ ਕਿਸੇ ਵਰਗ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਸ ਵਰਗ ਦੇ ਧਰਮ ਜਾਂ ਧਾਰਮਿਕ ਵਿਸ਼ਵਾਸ਼ਾਂ ਦੇ ਅਪਮਾਨ, ਕੁਫ਼ਰ ਜਾਂ ਬੇਅਦਬੀ ਕਰਕੇ ਠੇਸ

ਪਹੁੰਚਾਉਣ ਲਈ ਚਿਤਵਤ ਹੋਵੇ, ਜਾਂ ਜੋ ਘੋਰ ਅਸ਼ਿਸ਼ਟ, ਜਾਂ ਗਾਲੀ-ਗਲੋਚ ਵਾਲਾ ਜਾਂ ਅਸ਼ਲੀਲ ਜਾਂ ਬਲੈਕਮੇਲ ਕਰਨ ਲਈ ਚਿਤਵਤ ਹੋਵੇ, ਜਾਂ ਜੋ ਸੰਭਾਵੀ ਹੈ ਕਿ-

(i) ਭਾਰਤ ਵਿੱਚ ਜਾਂ ਉਸ ਦੇ ਕਿਸੇ ਰਾਜ ਵਿੱਚ ਸਥਾਪਤ ਸਰਕਾਰ ਜਾਂ ਕਿਸੇ ਵੀ ਖੇਤਰ ਵਿੱਚ ਇਸ ਦੀ ਅਥਾਰਟੀ ਨੂੰ ਉਲਟਾਉਣ ਜਾਂ ਕਮਜ਼ੋਰ ਕਰਨ ਦੇ ਪ੍ਰਯੋਜਨ ਨਾਲ ਕਿਸੇ ਵਿਅਕਤੀ ਨੂੰ ਹਿੰਸਾ ਜਾਂ ਤੋੜ-ਫੋੜ ਦਾ ਸਹਾਰਾ ਲੈਣ ਲਈ ਉਕਸਾਵੇ; ਜਾਂ

(ii) ਕਿਸੇ ਵਿਅਕਤੀ ਨੂੰ ਕਤਲ, ਤੋੜ-ਫੋੜ ਜਾਂ ਹਿੰਸਾ ਵਾਲਾ ਕੋਈ ਅਪਰਾਧ ਕਰਨ ਲਈ ਉਕਸਾਵੇ; ਜਾਂ

(iii) ਸੰਘ ਦੀਆਂ ਸ਼ਸਤਰਧਾਰੀ ਸੈਨਾਵਾਂ ਜਾਂ ਪੁਲਿਸ ਫੋਰਸ ਦੇ ਕਿਸੇ ਮੈਂਬਰ ਨੂੰ ਉਸਦੀ ਨਿਸ਼ਠਾ ਜਾਂ ਉਸ ਦੇ ਕਰਤੱਵ ਤੋਂ ਵਰਗਲਾਵੇ, ਜਾਂ ਅਜਿਹੀ ਕਿਸੇ ਫੋਰਸ ਵਿੱਚ ਸੇਵਾ ਕਰਨ ਲਈ ਵਿਅਕਤੀਆਂ ਦੀ ਭਰਤੀ ਤੇ ਪ੍ਰਤੀਕੂਲ ਪ੍ਰਭਾਵ ਪਾਵੇ ਜਾਂ ਕਿਸੇ ਅਜਿਹੀ ਫੋਰਸ ਦੇ ਅਨੁਸ਼ਾਸਨ ਤੇ ਪ੍ਰਤੀਕੂਲ ਪ੍ਰਭਾਵ ਪਾਵੇ; ਜਾਂ

(iv) ਭਾਰਤ ਦੇ ਨਾਗਰਿਕਾਂ ਦੇ ਕਿਸੇ ਅਨੁਭਾਗ ਨੂੰ ਭਾਰਤ ਦੇ ਨਾਗਰਿਕਾਂ ਦੇ ਕਿਸੇ ਹੋਰ ਅਨੁਭਾਗ ਵਿਰੁੱਧ ਹਿੰਸਾ ਦੇ ਕਾਰਜਾਂ ਲਈ ਉਕਸਾਵੇ।

ਵਿਆਖਿਆ I.- ਇੱਕ ਪ੍ਰਦਰਸ਼ਨ ਨੂੰ ਕੇਵਲ ਇਸ ਲਈ ਇਤਰਾਜ਼ਯੋਗ ਨਹੀਂ ਸਮਝਿਆ ਜਾਵੇਗਾ ਕਿਉਂਕਿ ਇਸ ਦੇ ਅਨੁਕ੍ਰਮ ਵਿੱਚ ਕਾਨੂੰਨ-ਪੂਰਨ ਸਾਧਨਾਂ ਦੁਆਰਾ ਕਿਸੇ ਕਾਨੂੰਨ ਜਾਂ ਸਰਕਾਰ ਦੀ ਪ੍ਰਸ਼ਾਸਕੀ ਕਾਰਵਾਈ ਦੀ ਕਿਸੇ ਨੀਤੀ ਵਿੱਚ ਬਦਲੀ ਜਾਂ ਦਾਦਰਸੀ ਪ੍ਰਾਪਤ ਕਰਨ ਦੀ ਦ੍ਰਿਸ਼ਟੀ ਨਾਲ ਨਾਪਸੰਦੀ ਜਾਂ ਆਲੋਚਨਾ ਪ੍ਰਗਟ ਕਰਦੇ ਸ਼ਬਦ ਕਹੇ ਜਾਂਦੇ ਹਨ ਜਾਂ ਸੰਕੇਤ ਜਾਂ ਦ੍ਰਿਸ਼ਟਮਾਨ ਰੂਪਣ ਕੀਤੇ ਜਾਂਦੇ ਹਨ।

ਵਿਆਖਿਆ II.- ਇਹ ਨਿਰਣਾ ਕਰਦੇ ਹੋਏ ਕਿ ਕੀ ਕੋਈ ਪ੍ਰਦਰਸ਼ਨ ਇਤਰਾਜ਼ਯੋਗ ਪ੍ਰਦਰਸ਼ਨ ਹੈ, ਨਾਟਕ, ਮੂਕ ਅਭਿਨੈ ਜਾਂ ਹੋਰ ਡਰਾਮੇ ਨੂੰ ਸਮੁੱਚੇ ਤੌਰ ਤੇ ਵਿਚਾਰਿਆ ਜਾਵੇਗਾ;

(2) "ਲੋਕ ਸਥਾਨ" ਦਾ ਮਤਲਬ ਹੈ ਕੋਈ ਇਮਾਰਤ ਜਾਂ ਵਲਗਣ, ਜਾਂ ਖੁੱਲ੍ਹੀ ਹਵਾ ਵਿੱਚ ਕੋਈ ਥਾਂ ਜਾਂ ਕੋਈ ਪੰਡਾਲ ਜਿੱਥੇ ਸਾਈਡਾਂ ਵਲਗਣ ਵਾਲੀਆਂ ਨ ਹੋਣ, ਜਿਸ ਵਿੱਚ ਜਨਤਾ ਨੂੰ ਇੱਕ ਪ੍ਰਦਰਸ਼ਨ ਸ਼ਾਹਦ ਕਰਨ ਲਈ ਸ਼ਾਮਲ ਕੀਤਾ ਜਾਂਦਾ ਹੈ।

3. (1) ਜਦੋਂ ਵੀ ਜ਼ਿਲ੍ਹਾ ਮੈਜਿਸਟ੍ਰੇਟ ਦੀ ਤਸੱਲੀ ਹੋ ਜਾਂਦੀ ਹੈ ਕਿ ਉਸ ਦੇ ਜ਼ਿਲ੍ਹੇ ਵਿੱਚ ਇੱਕ ਲੋਕ ਸਥਾਨ ਤੇ ਪੇਸ਼ ਕੀਤਾ ਗਿਆ ਜਾਂ ਪੇਸ਼ ਕੀਤਾ ਜਾਣ ਵਾਲਾ ਕੋਈ ਨਾਟਕ, ਮੂਕ ਅਭਿਨੈ ਜਾਂ ਹੋਰ ਡਰਾਮਾ ਇੱਕ ਇਤਰਾਜ਼ਯੋਗ ਪ੍ਰਦਰਸ਼ਨ ਹੈ, ਤਾਂ ਉਹ ਹੁਕਮ ਦੁਆਰਾ, ਉਨ੍ਹਾਂ ਆਧਾਰਾਂ ਨੂੰ ਦਰਸਾਉਂਦੇ ਹੋਏ ਜਿਨ੍ਹਾਂ ਦੇ ਆਧਾਰ ਤੇ ਉਹ ਉਸ ਪ੍ਰਦਰਸ਼ਨ ਨੂੰ ਇਤਰਾਜ਼ਯੋਗ ਸਮਝਦਾ ਹੈ, ਪ੍ਰਦਰਸ਼ਨ ਵਰਜਤ ਕਰ ਸਕੇਗਾ। ਇਤਰਾਜ਼ਯੋਗ ਪ੍ਰਦਰਸ਼ਨ ਨੂੰ ਵਰਜਤ ਕਰਨ ਦੀ ਸ਼ਕਤੀ।

(2) ਉਪ-ਧਾਰਾ (1) ਅਧੀਨ ਕੋਈ ਹੁਕਮ ਪ੍ਰਦਰਸ਼ਨ ਦੇ ਆਯੋਜਕ ਜਾਂ ਸੰਚਾਲਨ ਲਈ ਜ਼ਿੰਮੇਵਾਰ ਹੋਰ ਮੁੱਖ ਵਿਅਕਤੀਆਂ ਨੂੰ ਜਾਂ ਉਸ ਲੋਕ ਸਥਾਨ ਦੇ ਮਾਲਕ ਜਾਂ ਦਖ਼ੀਲਕਾਰ ਨੂੰ ਜਿੱਥੇ ਅਜਿਹਾ ਪ੍ਰਦਰਸ਼ਨ ਹੋਣਾ ਚਿਤਵਤ ਹੈ, ਕਾਰਨ ਦੱਸਣ ਦਾ ਵਾਜਬ ਮੌਕਾ ਦਿੱਤੇ ਬਿਨਾਂ ਪਾਸ ਨਹੀਂ ਕੀਤਾ ਜਾਵੇਗਾ ਕਿ ਪ੍ਰਦਰਸ਼ਨ ਨੂੰ ਵਰਜਤ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ।

(3) ਉਪ-ਧਾਰਾ (1) ਅਧੀਨ ਕੀਤਾ ਗਿਆ ਹਰ ਹੁਕਮ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ ਅਤੇ ਘੋਸ਼ਣਾ ਦੁਆਰਾ ਅਧਿਸੂਚਿਤ ਵੀ ਕੀਤਾ ਜਾ ਸਕੇਗਾ ਅਤੇ ਉਸ ਦਾ ਇੱਕ ਲਿਖਤੀ ਜਾਂ ਛਪਿਆ ਹੋਇਆ ਨੋਟਿਸ ਇਸ ਤਰ੍ਹਾਂ ਵਰਜਤ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਦੇ ਇੱਛੁਕ ਵਿਅਕਤੀਆਂ ਨੂੰ ਹੁਕਮ ਦੀ ਜਾਣਕਾਰੀ ਦੇਣ ਲਈ ਅਨੁਕੂਲਤ ਕਿਸੇ ਵੀ ਥਾਂ ਜਾਂ ਥਾਵਾਂ ਤੇ ਚਿਪਕਾਇਆ ਜਾ ਸਕੇਗਾ।

ਇਤਰਾਜ਼ਯੋਗ ਪ੍ਰਦਰਸ਼ਨ ਨੂੰ ਅਸਥਾਈ ਤੌਰ ਤੇ ਵਰਜਤ ਕਰਨ ਦੀ ਸ਼ਕਤੀ।

4. (1) ਜ਼ਿਲ੍ਹਾ ਮੈਜਿਸਟ੍ਰੇਟ, ਜੇ ਉਸ ਦੀ ਰਾਏ ਹੈ ਕਿ ਉਸ ਦੇ ਜ਼ਿਲ੍ਹੇ ਵਿੱਚ ਇੱਕ ਲੋਕ ਸਥਾਨ ਤੇ ਪ੍ਰਦਰਸ਼ਤ ਕੀਤਾ ਗਿਆ ਜਾਂ ਪ੍ਰਦਰਸ਼ਤ ਕੀਤਾ ਜਾਣ ਵਾਲਾ ਕੋਈ ਨਾਟਕ, ਮੂਕ ਅਭਿਨੈ ਜਾਂ ਹੋਰ ਡਰਾਮਾ ਧਾਰਾ 2 ਦੇ ਖੰਡ (1) ਵਿੱਚ ਉਲਿਖਤ ਪ੍ਰਕਿਰਤੀ ਦਾ ਹੋਣ ਕਰਕੇ ਇਸ ਨਾਲ ਸ਼ਾਂਤੀ ਭੰਗ ਹੋਣ ਦੀ ਸੰਭਾਵਨਾ ਹੈ, ਤਾਂ ਉਹ ਹੁਕਮ ਦੁਆਰਾ, ਅਜਿਹੀ ਰਾਏ ਦੇ ਆਧਾਰ ਬਿਆਨ ਕਰਦੇ ਹੋਏ, ਉਸ ਦਾ ਪ੍ਰਦਰਸ਼ਨ ਵਰਜਤ ਕਰ ਸਕੇਗਾ:

ਪਰੰਤੂ ਜ਼ਿਲ੍ਹਾ ਮੈਜਿਸਟ੍ਰੇਟ ਇਸ ਤੋਂ ਪ੍ਰਭਾਵਿਤ ਵਿਅਕਤੀ ਜਾਂ ਧਿਰ ਦੁਆਰਾ ਦਿੱਤੀ ਗਈ ਦਰਖ਼ਾਸਤ 'ਤੇ ਅਜਿਹੇ ਹੁਕਮ ਦੀ ਨਜ਼ਰਸਾਨੀ ਕਰ ਸਕੇਗਾ।

(2) ਧਾਰਾ 10 ਅਧੀਨ ਅਪੀਲ 'ਤੇ ਕੀਤੇ ਗਏ ਕਿਸੇ ਹੁਕਮ ਦੇ ਤਾਬੇ, ਇਸ ਧਾਰਾ ਅਧੀਨ ਇੱਕ ਹੁਕਮ ਇਸ ਦੇ ਕੀਤੇ ਜਾਣ ਦੀ ਤਰੀਕ ਤੋਂ ਦੋ ਮਹੀਨਿਆਂ ਲਈ ਨਾਫ਼ਜ਼ ਰਹੇਗਾ:

ਪਰੰਤੂ ਜ਼ਿਲ੍ਹਾ ਮੈਜਿਸਟ੍ਰੇਟ, ਜੇ ਉਸ ਦੀ ਰਾਏ ਹੈ ਕਿ ਹੁਕਮ ਨਾਫ਼ਜ਼ ਰਹਿਣਾ ਚਾਹੀਦਾ ਹੈ, ਤਾਂ ਅਜਿਹੇ ਅਗਲੇਰੇ ਹੁਕਮ ਜਾਂ ਹੁਕਮਾਂ ਦੁਆਰਾ ਜਿਵੇਂ ਉਹ ਉਚਿਤ ਸਮਝੇ, ਉਪਰੋਕਤ ਮੁੱਦਤ ਨੂੰ ਇੱਕੋ ਸਮੇਂ ਦੋ ਮਹੀਨਿਆਂ ਤੋਂ ਵੱਧ ਨ ਹੋਣ ਵਾਲੀ ਮੁੱਦਤ ਜਾਂ ਮੁੱਦਤਾਂ ਤੱਕ ਵਧਾ ਸਕੇਗਾ, ਜਿਵੇਂ ਅਜਿਹੇ ਹੁਕਮ ਜਾਂ ਹੁਕਮਾਂ ਵਿੱਚ ਉਲਿਖਤ ਕੀਤਾ ਜਾਵੇ।

ਮਨਾਹੀ ਦੇ ਹੁਕਮ ਦੀ ਤਾਮੀਲ।

5. ਧਾਰਾ 3 ਜਾਂ ਧਾਰਾ 4 ਅਧੀਨ ਕੀਤੇ ਗਏ ਹੁਕਮ ਦੀ ਨਕਲ ਨਿੱਜੀ ਤੌਰ ਤੇ ਜਾਂ ਧਾਰਾ 13 ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ ਕੀਤੇ ਅਜਿਹੇ ਹੋਰ ਤਰੀਕੇ ਨਾਲ, ਸੰਗਠਨਕਰਤਾਵਾਂ ਜਾਂ ਹੋਰ ਮੁੱਖ ਵਿਅਕਤੀਆਂ ਤੇ, ਜੋ ਇਸ ਤਰ੍ਹਾਂ ਵਰਜਤ ਪ੍ਰਦਰਸ਼ਨ ਦੇ ਸੰਚਾਲਨ ਲਈ ਉੱਤਰਦਾਈ ਹਨ, ਜਾਂ ਭਾਗ ਲੈਣ ਵਾਲੇ ਕਿਸੇ ਵਿਅਕਤੀ ਤੇ, ਜਾਂ ਲੋਕ ਸਥਾਨ ਦੇ ਮਾਲਕ ਜਾਂ ਦਖ਼ੀਲਕਾਰ ਤੇ, ਜਿੱਥੇ ਅਜਿਹਾ ਪ੍ਰਦਰਸ਼ਨ ਹੋਣਾ ਚਿਤਵਤ ਹੈ, ਤਾਮੀਲ ਕੀਤੀ ਜਾ ਸਕੇਗੀ।

ਹੁਕਮ ਦੀ ਅਵੱਗਿਆ ਕਰਨ ਲਈ ਡੰਨ।

6. ਕੋਈ ਵਿਅਕਤੀ ਜਿਸ ਤੇ ਧਾਰਾ 3 ਜਾਂ ਧਾਰਾ 4 ਵਿੱਚ ਹਵਾਲਾ ਕੀਤੇ ਗਏ ਹੁਕਮ ਦੀ ਇੱਕ ਨਕਲ ਤਾਮੀਲ ਕੀਤੀ ਗਈ ਹੈ ਅਤੇ ਜੋ ਅਜਿਹੇ ਹੁਕਮ ਦੀ ਅਵੱਗਿਆ ਵਿੱਚ ਕੋਈ ਕਾਰਜ ਕਰਦਾ ਹੈ, ਜਾਂ ਆਪਣੀ ਰਜ਼ਾਮੰਦੀ ਨਾਲ ਇਜਾਜ਼ਤ

ਦਿੰਦਾ ਹੈ, ਸਿੱਧ-ਦੋਸ਼ ਠਹਿਰਾਏ ਜਾਣ ਤੇ, ਅਉਧ ਲਈ ਜੋ ਤਿੰਨ ਮਹੀਨਿਆਂ ਤੱਕ ਵਧਾਈ ਜਾ ਸਕੇਗੀ, ਜਾਂ ਜੁਰਮਾਨੇ ਦੀ ਜੋ ਇੱਕ ਹਜਾਰ ਰੁਪਏ ਤੱਕ ਵਧਾਇਆ ਜਾ ਸਕੇਗਾ ਜਾਂ ਦੋਵਾਂ ਦੀ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

7. (1) ਕੋਈ ਵਿਅਕਤੀ, ਜੋ ਧਾਰਾ 3 ਦੀ ਉਪ-ਧਾਰਾ (3) ਅਧੀਨ ਹੁਕਮ ਦੇ ਪ੍ਰਕਾਸ਼ਨ ਪਿੱਛੋਂ, ਜਾਂ ਉਸ ਮੁੱਦਤ ਦੌਰਾਨ ਜਦੋਂ ਧਾਰਾ 4 ਅਧੀਨ ਦਿੱਤਾ ਗਿਆ ਹੁਕਮ ਨਾਫ਼ਜ਼ ਹੋਵੇ, ਇਸ ਸਬੰਧ ਵਿੱਚ ਵਰਜਤ ਪ੍ਰਦਰਸ਼ਨ ਜਾਂ ਸਾਰਵਾਨ ਰੂਪ ਵਿੱਚ ਉਸੇ ਤਰ੍ਹਾਂ ਦੇ ਵਰਜਤ ਪ੍ਰਦਰਸ਼ਨ ਨੂੰ ਸੰਗਠਤ ਕਰਦਾ ਹੈ ਜਾਂ ਉਸ ਦਾ ਸੰਚਾਲਣ ਕਰਨ ਲਈ ਜ਼ਿੰਮੇਵਾਰ ਹੈ ਜਾਂ ਇਹ ਗਿਆਨ ਹੁੰਦੇ ਹੋਏ ਕਿ ਧਾਰਾ 3 ਜਾਂ ਧਾਰਾ 4 ਅਧੀਨ ਅਜਿਹਾ ਹੁਕਮ ਨਾਫ਼ਜ਼ ਹੈ, ਉਸ ਵਿੱਚ ਭਾਗ ਲੈਂਦਾ ਹੈ, ਸਿੱਧ-ਦੋਸ਼ ਠਹਿਰਾਏ ਜਾਣ ਤੇ, ਅਉਧ ਲਈ ਜੋ ਤਿੰਨ ਮਹੀਨਿਆਂ ਤੱਕ ਵਧਾਈ ਜਾ ਸਕੇਗੀ ਜਾਂ ਜੁਰਮਾਨੇ ਦੀ, ਜੋ ਇੱਕ ਹਜਾਰ ਰੁਪਏ ਤੱਕ ਹੋ ਸਕੇਗਾ ਜਾਂ ਦੋਵਾਂ ਨਾਲ, ਸਜ਼ਾ ਦਿੱਤੇ ਜਾਣ ਯੋਗ ਹੋਵੇਗਾ। ਮਨਾਹੀ ਦੀ ਅਵੱਗਿਆ ਲਈ ਡੰਨ।

(2) ਕੋਈ ਵਿਅਕਤੀ ਜੋ ਕਿਸੇ ਲੋਕ ਸਥਾਨ ਦਾ ਮਾਲਕ ਜਾਂ ਦਖ਼ੀਲਕਾਰ ਹੁੰਦੇ ਹੋਏ, ਜਾਂ ਉਸ ਦੀ ਵਰਤੋਂ ਕਰਨ ਵਾਲਾ ਹੋਣ ਕਰਕੇ, ਧਾਰਾ 3 ਜਾਂ ਧਾਰਾ 4 ਅਧੀਨ ਵਰਜਤ ਕਿਸੇ ਪ੍ਰਦਰਸ਼ਨ ਲਈ ਇਸ ਨੂੰ ਖੋਲ੍ਹਦਾ, ਰੱਖਦਾ ਜਾਂ ਵਰਤਦਾ ਹੈ ਜਾਂ ਕਿਸੇ ਅਜਿਹੇ ਪ੍ਰਦਰਸ਼ਨ ਲਈ ਉਸ ਨੂੰ ਖੋਲ੍ਹਣ, ਰੱਖਣ ਜਾਂ ਕਿਸੇ ਵਰਤਣ ਦੀ ਇਜਾਜ਼ਤ ਦਿੰਦਾ ਹੈ, ਸਿੱਧ-ਦੋਸ਼ ਠਹਿਰਾਏ ਜਾਣ ਤੇ, ਅਉਧ ਲਈ ਜੋ ਤਿੰਨ ਮਹੀਨਿਆਂ ਤੱਕ ਵਧਾਈ ਜਾ ਸਕੇਗੀ, ਜਾਂ ਜੁਰਮਾਨੇ ਦੀ ਜੋ ਇੱਕ ਹਜਾਰ ਰੁਪਏ ਤੱਕ ਵਧਾਇਆ ਜਾ ਸਕੇਗਾ ਜਾਂ ਦੋਵਾਂ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

8. (1) ਕਿਸੇ ਚਿਤਵਤ ਨਾਟਕ, ਮੂਕ ਅਭਿਨੈ ਜਾਂ ਹੋਰ ਡਰਾਮੇ ਦੀ ਪ੍ਰਕਿਰਤੀ ਨੂੰ ਨਿਸ਼ਚਿਤ ਕਰਨ ਦੇ ਪ੍ਰਯੋਜਨ ਲਈ, ਜ਼ਿਲ੍ਹਾ ਮੈਜਿਸਟ੍ਰੇਟ ਹੁਕਮ ਦੁਆਰਾ, ਅਜਿਹੇ ਨਾਟਕ, ਮੂਕ ਅਭਿਨੈ ਜਾਂ ਹੋਰ ਡਰਾਮੇ ਦੇ ਸੰਗਠਨਕਰਤਾਵਾਂ ਜਾਂ ਉਸ ਦੇ ਸੰਚਾਲਨ ਲਈ ਜ਼ਿੰਮੇਵਾਰ ਹੋਰ ਮੁੱਖ ਵਿਅਕਤੀਆਂ ਜਾਂ ਉਸ ਵਿੱਚ ਭਾਗ ਲੈਣ ਵਾਲੇ ਹੋਰ ਵਿਅਕਤੀਆਂ, ਜਾਂ ਪ੍ਰਦਰਸ਼ਨ ਕੀਤੇ ਜਾਣ ਵਾਲੇ ਉਸ ਨਾਟਕ, ਮੂਕ ਅਭਿਨੈ ਜਾਂ ਹੋਰ ਡਰਾਮੇ ਦੇ ਲੇਖਕ, ਮਾਲਕ ਜਾਂ ਛਾਪਕ ਜਾਂ ਉਸ ਥਾਂ ਦੇ ਮਾਲਕ ਜਾਂ ਦਖ਼ੀਲਕਾਰ ਤੋਂ, ਜਾਣਕਾਰੀ ਮੰਗਣ ਦੀ ਸ਼ਕਤੀ।

ਜਿੱਥੇ ਇਹ ਪ੍ਰਦਰਸ਼ਿਤ ਕੀਤਾ ਜਾਣਾ ਚਿਤਵਤ ਹੈ, ਅਜਿਹੀ ਜਾਣਕਾਰੀ ਮੁਹੱਈਆ ਕਰਵਾਉਣੀ ਲੋੜ ਸਕੇਗਾ, ਜਿਵੇਂ ਮੈਜਿਸਟ੍ਰੇਟ ਜ਼ਰੂਰੀ ਸਮਝੇ।

(2) ਇਸ ਤਰ੍ਹਾਂ ਲੋੜਿਆ ਹਰੇਕ ਵਿਅਕਤੀ ਅਜਿਹੇ ਹੁਕਮਾਂ ਵਿੱਚ ਉਲਿਖਤ ਸਮੇਂ ਦੇ ਅੰਦਰ ਆਪਣੀ ਪੂਰੀ ਯੋਗਤਾ ਅਨੁਸਾਰ ਜਾਣਕਾਰੀ ਦੇਣ ਲਈ ਪਾਬੰਦ ਹੋਵੇਗਾ ਅਤੇ ਉਲੰਘਣਾ ਕਰਨ ਦੀ ਸੂਰਤ ਵਿੱਚ, ਇਹ ਸਮਝਿਆ ਜਾਵੇਗਾ ਕਿ ਉਸ ਨੇ ਭਾਰਤੀ ਦੰਡ ਸੰਘਤਾ (1860 ਦਾ ਕੇਂਦਰੀ ਐਕਟ 45) ਦੀ ਧਾਰਾ 176 ਅਧੀਨ ਅਪਰਾਧ ਕੀਤਾ ਹੈ।

ਨਾਟਕ ਆਦਿ ਦੇ ਤਾਤਪਰਜਤ ਦੀ ਨਕਲ ਮੰਗਣ ਦੀ ਸ਼ਕਤੀ।

9. (1) ਜੇ ਜ਼ਿਲ੍ਹਾ ਮੈਜਿਸਟ੍ਰੇਟ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਕੋਈ ਇਤਰਾਜ਼ਯੋਗ ਪ੍ਰਦਰਸ਼ਨ ਹੋਣ ਵਾਲਾ ਹੈ, ਤਾਂ ਉਹ, ਹੁਕਮ ਦੁਆਰਾ, ਨਿਰਦੇਸ਼ ਦੇ ਸਕਦਾ ਹੈ ਕਿ ਉਸ ਦੇ ਜ਼ਿਲ੍ਹੇ ਵਿੱਚ ਅਜਿਹਾ ਕੋਈ ਪ੍ਰਦਰਸ਼ਨ ਕਿਸੇ ਲੋਕ ਸਥਾਨ ਤੇ ਉਦੋਂ ਤੱਕ ਨਹੀ ਕੀਤਾ ਜਾਵੇਗਾ, ਜਦੋਂ ਤੱਕ ਕਿ ਰਚਨਾ ਦੀ ਇੱਕ ਨਕਲ, ਜੇ ਅਤੇ ਜਿੱਥੋਂ ਤੱਕ ਇਹ ਲਿਖਤੀ ਰੂਪ ਵਿੱਚ ਹੈ, ਜਾਂ ਇਸ ਦੇ ਤਾਤਪਰਜ ਦਾ ਕੁਝ ਕਾਫ਼ੀ ਵਰਣਨ, ਜੇ ਅਤੇ ਜਿੱਥੋਂ ਤੱਕ ਇਹ ਮੂਕ ਅਭਿਨੈ ਵਿੱਚ ਹੈ, ਜ਼ਿਲ੍ਹਾ ਮੈਜਿਸਟ੍ਰੇਟ ਨੂੰ ਪ੍ਰਦਰਸ਼ਨ ਤੋਂ ਘੱਟੋ-ਘੱਟ ਸੱਤ ਦਿਨ ਪਹਿਲਾਂ ਮੁਹੱਈਆ ਨਹੀਂ ਕਰਵਾਈ ਗਈ ਹੈ।

(2) ਉਪ-ਧਾਰਾ (1) ਅਧੀਨ ਕੀਤੇ ਗਏ ਕਿਸੇ ਹੁਕਮ ਦੀ ਨਕਲ ਉਸ ਲੋਕ ਸਥਾਨ ਦੇ ਮਾਲਕ ਜਾਂ ਦਖ਼ੀਲਕਾਰ ਤੇ ਤਾਮੀਲ ਕੀਤੀ ਜਾ ਸਕਦੀ ਹੈ ਜਿੱਥੇ ਅਜਿਹਾ ਪ੍ਰਦਰਸ਼ਨ ਹੋਣਾ ਚਿਤਵਤ ਹੈ, ਅਤੇ ਜੇ ਇਸ ਤੋਂ ਬਾਅਦ ਉਹ ਅਜਿਹੇ ਹੁਕਮ ਦੀ ਅਵੱਗਿਆ ਕਰਦਿਆਂ ਕੋਈ ਕੰਮ ਕਰਦਾ ਹੈ ਜਾਂ ਰਜ਼ਾਮੰਦੀ ਨਾਲ ਕਰਨ ਦੀ ਇਜਾਜ਼ਤ ਦਿੰਦਾ ਹੈ, ਤਾਂ ਸਿੱਧ-ਦੋਸ਼ ਪਾਏ ਜਾਣ ਤੇ, ਤਾਂ ਉਹ ਅਉਧ ਲਈ ਜੋ ਤਿੰਨ ਮਹੀਨੇ ਤੱਕ ਵਧਾਈ ਜਾ ਸਕੇਗੀ, ਜਾਂ ਜੁਰਮਾਨੇ ਨਾਲ ਜੋ ਇੱਕ ਹਜਾਰ ਰੁਪਏ ਤੱਕ ਵਧਾਇਆ ਜਾ ਸਕੇਗਾ ਜਾਂ ਦੋਵਾਂ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਪ੍ਰਵੇਸ਼ ਅਤੇ ਨਿਰੀਖਣ।

9-ੳ. (1) ਜ਼ਿਲ੍ਹਾ ਮੈਜਿਸਟ੍ਰੇਟ ਦੁਆਰਾ ਇਸ ਨਮਿੱਤ ਅਧਿਕਾਰਤ ਕੋਈ ਅਧਿਕਾਰੀ, ਪ੍ਰਦਰਸ਼ਨ ਦੀ ਪ੍ਰਕਿਰਤੀ ਨਿਸ਼ਚਿਤ ਕਰਨ ਦੇ ਪ੍ਰਯੋਜਨ ਲਈ, ਅਜਿਹੇ ਜ਼ਿਲ੍ਹਾ ਮੈਜਿਸਟ੍ਰੇਟ ਦੇ ਅਧਿਕਾਰਤਾ ਦੇ ਖੇਤਰ ਅੰਦਰ, ਕਿਸੇ ਲੋਕ ਸਥਾਨ ਵਿੱਚ ਪ੍ਰਵੇਸ਼

ਕਰ ਸਕੇਗਾ ਜਿੱਥੇ ਕੋਈ ਨਾਟਕ, ਮੂਕ ਅਭਿਨੈ ਜਾਂ ਹੋਰ ਡਰਾਮਾ ਪ੍ਰਦਰਸ਼ਤ ਕੀਤਾ ਜਾ ਰਿਹਾ ਹੋਵੇ।

(2) ਜੇ ਕੋਈ ਵਿਅਕਤੀ ਇਸ ਤਰ੍ਹਾਂ ਅਧਿਕਾਰਤ ਕਿਸੇ ਅਧਿਕਾਰੀ ਦੇ ਪ੍ਰਵੇਸ਼ ਨੂੰ ਰੋਕਦਾ ਹੈ ਜਾਂ ਉਸ ਵਿੱਚ ਰੁਕਾਵਟ ਪਾਉਂਦਾ ਹੈ, ਤਾਂ ਉਸ ਨੂੰ ਸਿੱਧ-ਦੋਸ਼ ਠਹਿਰਾਏ ਜਾਣ ਤੇ, ਅਉਧ ਲਈ ਜੋ ਤਿੰਨ ਮਹੀਨਿਆਂ ਤੱਕ ਵਧਾਈ ਜਾ ਸਕੇਗੀ, ਜਾਂ ਜੁਰਮਾਨੇ ਨਾਲ ਜੋ ਇੱਕ ਹਜਾਰ ਰੁਪਏ ਤੱਕ ਵਧਾਇਆ ਜਾ ਸਕੇਗਾ, ਜਾਂ ਦੋਵਾਂ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

10. ਧਾਰਾ 3 ਜਾਂ ਧਾਰਾ 4 ਅਧੀਨ ਕੀਤੇ ਗਏ ਹੁਕਮ ਤੋਂ ਦੁਖਤ ਕੋਈ ਵਿਅਕਤੀ, ਧਾਰਾ 3 ਦੀ ਉਪ-ਧਾਰਾ (3) ਅਧੀਨ ਸਰਕਾਰੀ ਗਜ਼ਟ ਵਿੱਚ ਅਜਿਹੇ ਹੁਕਮ ਦੇ ਪ੍ਰਕਾਸ਼ਨ ਦੀ ਤਰੀਕ ਤੋਂ ਸੱਠ ਦਿਨਾਂ ਦੇ ਅੰਦਰ, ਜਾਂ, ਜਿਹੀ ਕਿ ਸੂਰਤ ਹੋਵੇ, ਧਾਰਾ 4 ਅਧੀਨ ਕੀਤੇ ਹੁਕਮ ਦੀ ਤਰੀਕ ਤੋਂ ਸੱਠ ਦਿਨਾਂ ਦੇ ਅੰਦਰ, ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਧਿਸੂਚਨਾ ਦੁਆਰਾ ਅਧਿਕਾਰਤ ਅਧਿਕਾਰੀ ਨੂੰ ਅਪੀਲ ਕਰ ਸਕੇਗਾ, ਅਤੇ ਅਜਿਹੀ ਅਪੀਲ ਤੇ ਅਪੀਲੀ ਅਥਾਰਟੀ, ਜਿਸ ਹੁਕਮ ਦੇ ਵਿਰੁੱਧ ਅਪੀਲ ਕੀਤੀ ਗਈ ਹੈ, ਦੀ ਪੁਸ਼ਟੀ, ਅਦਲਾ-ਬਦਲੀ ਜਾਂ ਉਲਟਾਉਂਦੇ ਹੋਏ ਅਜਿਹੇ ਹੁਕਮ ਪਾਸ ਕਰ ਸਕਦੀ ਹੈ ਜਿਵੇਂ ਉਹ ਠੀਕ ਸਮਝੇ, ਅਤੇ ਅਜਿਹੇ ਪਰਿਣਾਮਕ ਜਾਂ ਅਨੁਸੰਗਕ ਹੁਕਮ ਪਾਸ ਕਰ ਸਕਦੀ ਹੈ ਜੋ ਜ਼ਰੂਰੀ ਹੋਣ। ਅਪੀਲ।

11. ਜਿੱਥੇ ਕਿਸੇ ਪ੍ਰਦਰਸ਼ਨ ਦੇ ਬਾਰੇ ਵਿੱਚ ਧਾਰਾ 3 ਜਾਂ ਧਾਰਾ 4 ਅਧੀਨ ਕੋਈ ਹੁਕਮ ਨਹੀਂ ਦਿੱਤਾ ਗਿਆ, ਇਸ ਐਕਟ ਵਿੱਚ ਕੁੱਝ ਵੀ ਭਾਰਤੀ ਦੰਡ ਸੰਘਤਾ (1860 ਦਾ ਕੇਂਦਰੀ ਐਕਟ XLV) ਜਾਂ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਅਧੀਨ ਪ੍ਰਾਸੀਕਿਊਸ਼ਨ ਤੋਂ ਨਹੀਂ ਰੋਕੇਗਾ। ਹੋਰ ਕਾਨੂੰਨਾਂ ਅਧੀਨ ਪ੍ਰਾਸੀਕਿਊਸ਼ਨਾਂ ਦਾ ਬਚਾਉ।

12. ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਕਿਸੇ ਨਿਯਮ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਕਿਸੇ ਅਥਾਰਟੀ ਜਾਂ ਅਧਿਕਾਰੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਦਾਇਰ ਨਹੀਂ ਕੀਤੀ ਜਾ ਸਕੇਗੀ। ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

ਨਿਯਮ ਬਣਾਉਣ ਦੀ ਸ਼ਕਤੀ।

13. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਬਾਅਦ ਵਾਲੇ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਵਿਧਾਨ ਮੰਡਲ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਵਿਧਾਨ ਮੰਡਲ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

1876 ਦੇ ਕੇਂਦਰੀ ਐਕਟ XIX ਦਾ ਨਿਰਸਨ।

14. ਨਾਟਕੀ ਪ੍ਰਦਰਸ਼ਨ ਐਕਟ, 1876 (1876 ਦਾ ਕੇਂਦਰੀ ਐਕਟ XIX), ਜਿੱਥੋਂ ਤੱਕ ਇਹ ਪੰਜਾਬ ਰਾਜ ਤੇ ਲਾਗੂ ਹੁੰਦਾ ਹੈ, ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

*3713/5-2026/Pb. Govt. Press, S.A.S. Nagar*